੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥
ਹਮ ਇਹ ਕਾਜ ਜਗਤ ਮੋ ਆਏ॥ ਧਰਮ ਹੇਤ ਗੁਰਦੇਵ ਪਠਾਏ॥

# ਖਾਲਸਾ ਸਮਾਚਾਰ
Khalsa Samachar

ਸੰਸਥਾਪਕ
ਭਾਈ ਸਾਹਿਬ ਭਾਈ ਵੀਰ ਸਿੰਘ
Founded by
BHAI VIR SINGH IN 1899 A.D.

ਸਪਤਾਹਿਕ/ਨਵੀਂ ਦਿੱਲੀ
ਸਥਾਪਤ 1899 ਈ.
www.bvsss.org
ਫ਼ੀ ਪਰਚਾ 5/-

ਅੰਕ ੩੫ ਜਿਲਦ ੩੦ ੧੦-੧੬ ਸਤੰਬਰ ੨੦੨੦, ੨੬ ਭਾਦਰੋ - ੧ ਅੱਸੂ ੨੦੭੭ ਨਾਨਕਸ਼ਾਹੀ ਸੰਮਤ ੫੫੨
ਸਾਲਾਨਾ ਚੰਦਾ ਦੇਸ਼ ੨੫੦/-, ਵਿਦੇਸ਼ ੨੫੦੦/- ਅਤੇ ਲਾਈਫ਼ ਮੈਂਬਰਸ਼ਿਪ ਦੇਸ਼ ੨੫੦੦/-, ਵਿਦੇਸ਼ ੨੫੦੦੦/-
Issue 35 Volume 30, 10-16 September 2020
Yearly Subscription India 250/-, Abroad 2500/- and Life Membership India 2500/-, Abroad 25000/-

**ਜੋਤੀ ਜੋਤਿ ਦਿਵਸ ਗੁਰੂ ਨਾਨਕ ਦੇਵ ਜੀ : ਅੱਸੂ ਵਦੀ ੧੦/12 ਸਤੰਬਰ**

## ਸ੍ਰੀ ਗੁਰੂ ਨਾਨਕ ਦੇਵ ਜੀ ਅੰਤਰ ਧਜਾਨ

❖ **ਭਾਈ ਸਾਹਿਬ ਭਾਈ ਵੀਰ ਸਿੰਘ**

ਗੋਰਖਪੁਰ ਵਿਚ ਇਕ ਜੋਗੀ, 'ਸ਼ੰਕਰ' ਨਾਮ ਦਾ, ਸ਼ਹਿਰ ਵਿਚ ਗਜਾ ਕਰਕੇ ਆਪਣੇ ਡੇਰੇ ਜਾ ਪੁੱਜਾ। ਆਟੇ ਭਰੀ ਝੋਲੀ ਟਿਕਾਣੇ ਸਿਰ ਰੱਖ ਕੇ, ਇਕ ਹੋਰ ਜੋਗੀ ਜੀ ਵਲ ਤੱਕ ਕੇ ਕਾਹਲੀ ਨਾਲ ਬੋਲਿਆ : ਗੋਪੀ ਜੀਓ! ਸੁਣਿਆ ਨੇ; ਗੁਰੂ ਨਾਨਕ ਚਲ ਬਸੇ?

**ਗੋਪੀ**— ਮੂੰਹ ਸੰਭਾਲ ਕੇ ਬੋਲੋ ਸ਼ੰਕਰ ਜੀ! ਕਲਾਵਾਨ ਤਾਂ ਅੰਤਰ ਧਜਾਨ ਹੁੰਦੇ ਹਨ, ਚਲ ਬਸਨੇ ਲਈ ਦੁਨੀਆ ਥੋੜੀ ਹੈ?

**ਸ਼ੰਕਰ**— ਬਈ, ਨਾਂ ਤਾਂ ਸੀ ਉਹ ਨਾਥ, ਨਾਂ ਸੀ ਸਿੱਧ, ਨਾਂ ਸੀ ਕਿਸੇ ਯੋਗੇਂਦ੍ਰ ਦਾ ਬਾਲਕਾ, ਗ੍ਰਿਹਸਤੀ ਬੀ ਅੰਤਰ ਧਜਾਨ ਹੋਯਾ ਕਰਦੇ ਹਨ?

**ਗੋਪੀ**— ਮਤਿ ਭੇਦ ਨਾਲ ਵਡਿਆਂ ਦੀ ਵਡਿਆਈ ਛੁਟਿਆਈ ਨਹੀਂ ਬਣ ਜਾਂਦੀ।

**ਸ਼ੰਕਰ**— ਅਛਾ ਬਈ ਜਿਵੇਂ ਤੂੰ ਆਖੇਂ, ਅੰਤਰ ਧਜਾਨ ਹੋ ਗਏ ਹਨ ਗੁਰੂ ਨਾਨਕ ਦੇਵ, ਹੁਣ ਖ਼ੁਸ਼ ਏਂ?

**ਗੋਪੀ**— ਜੇ ਦਿਲੋਂ ਆਖੇਂ ਤਾਂ। ਅੰਦਰ ਰਹੀ 'ਤਾਤ' ਵਾਕ ਮਾਤ੍ਰ ਨਾਲ 'ਸ਼ਾਂਤਿ' ਨਹੀਂ ਬਣ ਜਾਂਦੀ।

**ਸ਼ੰਕਰ** (ਹੱਸ ਕੇ)— ਨਹੀਂ ਬਈ ਅੰਦਰੋਂ........। ਮੈਨੂੰ ਚੇਤੇ ਆ ਗਿਆ ਏ। ਹਾਂ ਯੋਗੇਂਦ੍ਰ ਆਖਦਾ ਸੀ-ਅਵਤਾਰ ਏ ਨਾਨਕ। ਤੇ ਨਾਲੇ ਆਖਦਾ ਸੀ-ਕਲਾਵਾਨ ਏ ਪੂਰਾ ਨਾਨਕ। ਮੈਂ ਤੁਸਾਂ ਸਮੇਤ ਉਸ ਦੀਆਂ ਯੋਗ ਸ਼ਕਤੀਆਂ ਵੇਖੀਆਂ ਹਨ ਅੱਖੀਂ। (ਹੱਸ ਕੇ) ਤੂੰ ਵੀ ਪਿਆ ਦੱਸਦਾ ਏਂ, ਸਭ ਸੱਚ ਏ, ਗੁੱਸੇ ਨਾਂਹ ਹੋ, ਮੈਂ ਤਾਂ ਐਵੇਂ ਬਿਲਾਸ ਹੀ ਕੀਤਾ ਸੀ। ਹੁਣ ਤੋਂ ਆਖਸਾਂ ਅੰਤਰ ਧਾਨ ਹੋਏ ਹਨ।

**ਗੋਪੀ**— ਫੇਰ ਉਸੇ ਤਰ੍ਹਾਂ ਦਾ ਹੇਰ ਫੇਰ! ਹੈਂ? ਕਹੁ ਅੰਤਰਧਜਾਨ ਹੋਏ ਹਨ। 'ਅੰਤਰ ਧਾਨ' ਤਾਂ ਨਾਮ ਹੈ 'ਲੋਪ' ਹੋ ਜਾਣ ਦਾ।

**ਸ਼ੰਕਰ**— ਅੱਛਾ, ਮੈਨੂੰ ਨਹੀਂ ਸੀ ਪਤਾ 'ਅੰਤਰ ਧਾਨ' ਤੇ 'ਅੰਤਰ ਧਜਾਨ' ਦਾ ਕੀ ਫਰਕ ਹੈ।

**ਗੋਪੀ**— 'ਅੰਤਰ ਧਜਾਨ' ਹੈ 'ਅੰਤਰੀਵ ਆਤਮੇ ਧਜਾਨ ਨਿਮਗਨ' ਤੇ 'ਅੰਤਰ ਧਾਨ' ਦਾ ਅਰਥ ਹੈ 'ਗੁੰਮ ਹੋ ਜਾਣਾ', ਸਮਝੇ!

**ਸ਼ੰਕਰ**— ਹਾਂ ਜੀ!

**ਗੋਪੀ**— ਉਹਨਾਂ ਦੀ ਥਾਂਵੇਂ ਕੌਣ ਹੋਇਆ ਏ?

**ਸ਼ੰਕਰ**— ਕੰਨੀਂ ਬਲੇਲ ਜੇਹੀ ਪਈ ਸੀ ਕਿ ਸ੍ਰੀ ਚੰਦ ਜੀ।

**ਗੋਪੀ**— ਆਪਣੇ ਪੁਤ੍ਰ ਨੂੰ ਥਾਪਿਆ ਨੇ! ਉਹ ਤਾਂ ਸਾਡੇ ਵਰਗੇ ਅਤੀਤ ਹਨ, ਮੁਲੋਂ ਅਤੀਤ।

ਇੰਨੇ ਨੂੰ ਭੰਗਰ ਨਾਥ ਤੇ ਨਾਲ ਹੋਰ ਜੋਗੀ ਆ ਗਏ।

**ਭੰਗਰ ਨਾਥ**— ਕੀਹ ਕਹਿ ਰਹੇ ਹੋ? ਸ੍ਰੀ ਚੰਦ ਕੌਣ! ਕਿਸ ਦੀ ਥਾਂਵੇਂ ਬੈਠਾ ਕਿਹਾ ਨੇ?

**ਸ਼ੰਕਰ**— ਗੁਰੂ ਨਾਨਕ ਦੇਵ ਜੀ ਥਾਂਵੇਂ।

**ਭੰਗਰ** (ਹਰਿਆਨ ਹੋ ਕੇ)— ਹੈਂ! ਤੇ ਗੁਰੂ ਨਾਨਕ?

**ਸ਼ੰਕਰ**— ਅੰਤਰ ਧਜਾਨ ਹੋ ਗਏ, ਨਾਥ ਜੀ!

**ਭੰਗਰ** (ਤ੍ਰਬ੍ਹਕ ਕੇ)— ਕਦ?

**ਸ਼ੰਕਰ**— ਥੋੜਾ ਚਿਰ ਹੋਇਆ ਹੈ।

**ਭੰਗਰ**— ਸ਼ਿਵ, ਸ਼ਿਵ, ਸ਼ਿਵ, ਸਦਾ ਰਹੇਗਾ ਸਦਾ-ਸ਼ਿਵ।...(ਸਿਰ ਫੇਰ

### ਅੰਦਰ


- ਗੁਰੂ ਨਾਨਕ : ਇਕ ਸ਼ਰਧਾਂਜਲੀ 3
- ਸੰਤ ਬਿਮਲਾ ਸਿੰਘ : ਸ੍ਰੀ ਗੁਰੂ ਨਾਨਕ ਦੇਵ ਜੀ ਦੀ ਤਾਲੀਮ 5
- Light Merges with Light... 7
- ਸੌ ਸਾਲ ਪਹਿਲਾਂ : ਇਕ ਨਵਾਂ ਸਕੂਲ... 9
- ਸ਼ਬਦ ਵਿਆਖਿਆ 11
- ਖ਼ਬਰ-ਸਾਰ 12

ਕੇ) ਕੈਸੀ ਉੱਤਮ ਮੂਰਤੀ ਸੀ, ਕਲਾਵਾਨ, ਦਿਬਜ ਦਰਸ਼ਨ, ਸਚ ਮੁਚ ਅਵਤਾਰਤਾ ਦੇ ਲੱਛਣ ਸਨ। ਅਝੁਕ ਫੇਰ ਨਿੰਮ੍ਰ; ਤਜਾਗੀ ਫੇਰ ਦਾਤਾ, ਗ੍ਰਿਹਸਤੀ ਫੇਰ ਨਿਰਬਾਣ, ਦਾਸ ਫੇਰ ਆਪ ਅਲੋਕਿਕ (ਖੰਘੂਰਾ ਲੈ ਕੇ ਤੇ ਨੈਣ ਮੁੰਦ ਕੇ) ਯੋਗੀ ਕਿ ਅਵਤਾਰ, ਕਲਾਵਾਨ ਕਿ ਬੀਤ ਰਾਗ, ਅੰਤ ਜਗਤ ਯਾਤਰਾ ਮੁੱਕਣੀ ਹੀ ਹੋਈ, ਹੋਈ ਜੋ ਮੁੱਕਣੇ ਵਾਲੀ ਸ੍ਰੈ-ਪ੍ਰਣਾਮੀ ਦੇਹ। ਸ਼ਿਵ, ਸ਼ਿਵ, ਸ਼ਿਵ। (ਅੱਖਾਂ ਖੋਲ੍ਹ ਕੇ) ਹਾਂ ਕਲਾ ਬੀ ਲੈ ਗਏ ਨਾਲ ਕਿ ਕਿਸੇ ਨੂੰ ਕਰ ਗਏ ਕਲਾਵਾਨ ਤੇ ਥਾਪ ਗਏ ਆਪਣੀ ਥਾਂਵੇਂ?

**ਸ਼ੰਕਰ—** ਬਲੇਲ ਪਈ ਸੀ ਕਿ ਸ੍ਰੀ ਚੰਦ ਨੂੰ ਥਾਪ ਗਏ ਹਨ।

**ਭੰਗਰ—** ਔਖੀ ਗੱਲ ਹੈ, ਗੁਰੂ ਨਾਨਕ ਦਾ ਮਾਰਗ ਸੀ 'ਗ੍ਰਿਹਸਤ ਉਦਾਸ'- ਨਵਾਂ ਮਤ ਤੇ ਸ੍ਰੀ ਚੰਦ ਹੈ ਅਤੀਤ। ਕਿਸੇ ਨੂੰ ਆਪਣੇ ਤੁੱਲ ਕਰਕੇ ਦਿੱਤੀ ਹੋਣੀ ਹੈ ਸੌਂਪਣਾ ਉਸ ਦੀ ਜਿਸ ਨੂੰ ਓਹ ਆਖਦਾ ਹੁੰਦਾ ਸੀ ਸੰਗਤਿ। (ਸਿਰ ਫੇਰ ਕੇ) ਉਨ੍ਹਾਂ ਦੀ ਸੰਗਤ ਜਿਨ੍ਹਾਂ ਨੂੰ ਆਖਦਾ ਹੁੰਦਾ ਸੀ 'ਗੁਰਮੁਖ'।

**ਸ਼ੰਕਰ—** ਤੇ ਗੁਰ ਸਿੱਖ ਬੀ।

**ਭੰਗਰ—** ਹਾਂ, ਜੋ ਸਿਰੇ ਚੜ੍ਹ ਗਏ ਸੋ ਉਸਦੇ ਗੁਰਮੁਖ, ਜੋ ਸਾਧਨਾਂ ਵਿਚ ਸੇ ਸੋ ਉਸ ਦੇ ਗੁਰਸਿਖ। ਸੰਗਤ ਵਿਚ ਸਾਰੇ।

**ਅਘੜ ਨਾਥ—** ਤੁਸਾਂ ਅਗੇ ਬੀ ਇਕ ਵੇਰੀ ਏਹੋ ਜਿਹੀ ਗਲ ਆਖੀ ਸੀ ਗੁਰੂ ਨਾਨਕ ਨੂੰ ਆਪ, ਜਦੋਂ ਮੇਲੇ ਹੋਏ ਸਨ....।

**ਭੰਗਰ—** ਕੀ ਆਖਿਆ ਸੀ?

**ਅਘੜ ਨਾਥ—** ਅੱਖਰ ਤਾਂ ਚੇਤੇ ਨਹੀਂ, ਪਰ ਸਾਰ ਚੇਤੇ ਹੈ। ਤੁਸਾਂ ਐਉਂ ਕੁਛ ਉਚਾਰਿਆ ਸੀ, ਇਹ ਅਝੁਕ ਸਿਰ ਝੁਕੇਗਾ ਉਸ ਅਗੇ ਜੋ ਇਸਦਾ ਆਦਰਸ਼ ਪੂਰਾ ਕਰ ਦਿਖਾਏਗਾ।

**ਭੰਗਰ—** ਹਾਂ, ਸਿਮਰਨ ਹੋ ਆਇਆ ਏ। ਜ਼ਰੂਰ ਉਸ ਨੇ ਕੋਈ ਗ੍ਰਿਹਸਤੀ ਸਿਰੇ ਚਾੜ੍ਹਿਆ ਹੋਣਾ ਏ, ਉਸ ਵਿਚ ਸਤਜਾ ਭਰੀ ਹੋਣੀ ਏ, ਉਸ ਨੂੰ ਥਾਪਿਆ ਹੋਣਾ ਏ। (ਸੋਚ ਕੇ) ਹਾਂ, ਤੂੰ ਕਿਥੋਂ ਸੁਣਿਆ ਏ ਅਤੀਤ ਦਾ ਥਾਪਣਾ?

**ਸ਼ੰਕਰ—** ਮੈਂ ਕਲ੍ਹ ਰਜਾ ਕਰਨ ਗਿਆ ਸੀ, ਇਕ ਘਰ ਅੰਦਰੋਂ ਜਿੱਥੇ ਮੈਂ ਭਿੱਖਜਾ ਲਈ ਅਲਖ ਜਗਾ ਰਿਹਾ ਸੀ ਦੋ ਚਾਰ ਵਾਕ ਸੁਣੇ ਸੇ, ਜਿਨ੍ਹਾਂ ਤੋਂ ਗੁਰੂ ਪਿਆਨੇ ਦੀ ਤੇ ਉਹਨਾਂ ਦੀ ਥਾਂਵੇਂ ਸ੍ਰੀ ਚੰਦ ਦੇ ਹੋਣ ਦੀ ਗਲ ਸਮਝੇ ਪਈ ਸੀ। ਐਵੇਂ ਬਲੇਲ ਜਿਹੀ ਸੀ, ਪੱਕ ਨਹੀਂ।

**ਭੰਗਰ—** ਕਿਸ ਘਰ ਦੀ ਗਲ ਹੈ?

**ਸ਼ੰਕਰ—** ਪੰਡਤ ਪ੍ਰਸੰਨ ਰਾਜ ਹੈ ਗੁਣੀ ਤੇ ਗਜਾਤਾਵਾਨ। ਚਿਰਾਂ ਦੀ ਗੱਲ ਹੈ ਉਹ ਗੁਰੂ ਨਾਨਕ ਦੇਵ ਦਾ ਸਿਖ ਬਣ ਗਿਆ ਸੀ ਨਾ। ਪੜ੍ਹ ਸੁਣ ਕੇ ਸਾਰੇ ਸ਼ਾਸਤ੍ਰ ਕਹਿੰਦਾ ਸੀ ਕਿ ਅਜੇ ਨਿਸ਼ਾ ਨਹੀਂ ਹੋਈ, ਪਰ ਗੁਰੂ ਨਾਨਕ ਨੇ, ਸੁਖ ਦੇ ਘਰ ਆਂਦਾ ਏ। ਉਹ ਆਇਆ ਹੈ ਮਦ੍ਰ ਦੇਸ਼ ਤੋਂ, ਉਸ ਦੇ ਘਰ ਅੰਦਰ ਕੁਛ ਘੁਰ ਘੁਰ ਹੁੰਦੀ ਸੀ ਇਨ੍ਹਾਂ ਗੱਲਾਂ ਦੀ।

**ਭੰਗਰ—** ਅੱਛਾ, ਤਾਂ ਤਾਂ ਠੀਕ ਪਤਾ ਲਗ ਜਾਏਗਾ, ਪ੍ਰਸੰਨ ਰਾਜ ਤੋਂ ਪੁੱਛਾਂਗੇ ਕਿ ਗੁਰੂ ਨਾਨਕ ਤੱਕ ਹੀ ਰਹੀ ਗੁਰੂ ਨਾਨਕ ਦੀ ਗਲ ਕਿ ਅੱਗੇ ਬੀ ਟੁਰੀ? ਟੁਰੀ ਤਾਂ ਕੀਕੂੰ? ਪ੍ਰਸੰਨ ਰਾਜ ਦੱਸੇਗਾ ਠੀਕ ਠੀਕ ਹਾਲ, ਉਸਨੂੰ ਸੱਦਾ ਦਿਓ ਸਾਡੀ ਵਲੋਂ।

**ਸ਼ੰਕਰ—** ਮੈਂ ਕਲ੍ਹ ਨਾਲ ਲਈ ਆਵਾਂਗਾ; ਨਾਥ ਜੀ! ਗੁਰੂ ਨਾਨਕ ਦੇ ਬਾਲਕਿਆਂ ਵਿਚ ਨਿੰਮ੍ਰਤਾ ਹੈ ਤੇ ਨਾਲ ਦਾਨ ਦਾ ਗੁਣ ਬੀ ਬੜਾ ਹੈ। ਪ੍ਰਸੰਨ ਰਾਜ ਦੇ ਘਰੋਂ ਖਾਲੀ ਕਦੀ ਨਹੀਂ ਮੁੜੀਦਾ।

**ਈਸ਼ਰ—** ਗੁਰੂ ਨਾਨਕ ਦੇਵ ਨੇ ਆਪ ਦੱਸਿਆ ਸੀ ਨਾ ਓਦੋਂ .....ਅਪਣੇ ਗੁਰਮੁਖ ਦਾ ਲੱਛਣ- ਨਾਮ, ਦਾਨ, ਇਸ਼ਨਾਨ।

## ਵਿਛੁੜੀ ਸੰਗਤਿ

ਅਗਲੇ ਦਿਨ ਸ਼ੰਕਰ ਪ੍ਰਸੰਨ ਰਾਜ ਦੇ ਘਰੋਂ ਨਾਲੇ ਭਿਖਜਾ ਲੈ ਆਇਆ ਤੇ ਨਾਲੇ ਉਸ ਨੂੰ ਨਾਲ ਲੈ ਅਇਆ।

**ਪ੍ਰਸੰਨ ਰਾਜ—** ਸੱਤਿ ਕਰਤਾਰ, ਸੱਤਿ ਕਰਤਾਰ।

**ਭੰਗਰ—** ਆਓ ਭਾਈ ਪ੍ਰਸੰਨ ਰਾਜ ਜੀਓ! ਆਓ ਬੈਠੋ।

ਇੰਨੇ ਨੂੰ ਸਾਰੇ ਜੋਗੀ ਆ ਗਏ।

**ਗੋਪੀ—** ਆ ਗਏ ਪ੍ਰਸੰਨ ਰਾਜ ਪੰਡਤ ਜੀਓ? ਜੀ ਆਇਆਂ ਨੂੰ!

**ਪ੍ਰਸੰਨ** (ਉਠ ਕੇ)- ਸੱਤਿ ਕਰਤਾਰ! ਜੀਓ ਸੱਤਿ ਕਰਤਾਰ! ਪਰਣਾਮ ਹੋਵੇ।

**ਭੰਗਰ—** ਜੀਉਂਦੇ ਰਹੋ। (ਅਸ਼ੀਰਵਾਦ ਦੇ ਕੇ) ਕੁਸ਼ਲ ਹੈ?

**ਪ੍ਰਸੰਨ—** ਆਪ ਦੀ ਅਨੁਗ੍ਰਹੁ।

**ਭੰਗਰ—** ਅਸਾਂ ਨੇ ਬੜੀ ਉਦਾਸੀਨਤਾ ਦੀ ਬਾਤ ਸੁਣੀ ਹੈ ਗੁਰੂ ਨਾਨਕ ਸ੍ਵਾਮੀ ਦੀ।

**ਪ੍ਰਸੰਨ** (ਨੈਣ ਭਰ ਕੇ)- ਜੋਤੀ ਵਿਚ ਜੋਤਿ ਜਾ ਰਲੀ।

**ਭੰਗਰ—** ਸਾਡੀਆਂ ਚਰਚਾ ਵਾਦ ਰਹੇ, ਰਹੇ ਭੇਦ ਵਿਚਾਰਾਂ ਵਿਚ, ਪਰ ਸਚ ਇਹ ਹੈ ਕਿ ਗੁਰੂ ਨਾਨਕ ਜੋਤਿ ਨਿਰੰਜਨੀ ਸੇ।...ਪ੍ਰਜਾ ਦੇ ਅਭਾਗ! ਛੇਤੀ ਛੋੜ ਗਏ ਪਿਆਰਿਆਂ ਨੂੰ। ਅਹੋ ਦੇਵ ਗਤੀ!

**ਪ੍ਰਸੰਨ—** 'ਹੁਕਮ' ਕਿਹਾ ਕਰਦੇ ਸਨ ਗੁਰੂ ਜੀ, 'ਹੁਕਮ' ਉਨ੍ਹਾਂ ਹੀ ਦੱਸਿਆ ਸੀ, ਉਹੋ ਹੁਕਮ ਬੁਝਦੇ ਸਨ, ਹੁਕਮੀ ਵਿਚ ਅਭੇਦ ਸਨ। (ਸਿਰ ਫੇਰ ਕੇ) 'ਹਉ' ਤੋਂ, 'ਅਵਿਦਜਾ' ਤੋਂ, ਮੈਂ ਕਹਾਂਗਾ 'ਲੇਸ਼ਾਵਿਦਜਾ' ਤੋਂ ਭੀ ਨਿਰਲੇਪ ਸਨ ਗੁਰੂ ਨਾਨਕ ਦੇਵ ਜੀ! (ਨੈਣ ਮੁੰਦ ਕੇ) ਧੰਨ ਗੁਰੂ ਨਾਨਕ!

**ਭੰਗਰ—** ਸੰਗਤਾਂ ਵਿਆਕੁਲ ਹੋਣਗੀਆਂ ਬਹੁਤ!

**ਪ੍ਰਸੰਨ—** ਜਿਉਂ ਮਛਲੀ ਬਿਨ ਨੀਰ।

**ਭੰਗਰ—** ਪ੍ਰੇਮਾ ਭਗਤੀ ਦਾ ਮਾਰਗ ਸੀ। ਪ੍ਰੇਮ ਬਿਰਹੋਂ ਦੇਂਦਾ ਹੈ, ਪ੍ਰਸੰਨ ਰਾਜ ਜੀ! ਪ੍ਰੇਮ ਦਿਲਾਂ ਵਿਚ ਪਾ ਕੇ, ਹਾਂ, ਲੜ ਲਾਈਆਂ ਸੰਗਤਾਂ ਨੂੰ ਕਿਵੇਂ ਸੱਟ ਗਏ? ਸ਼ਿਵ, ਸ਼ਿਵ, ਸ਼ਿਵ। ਕੁਝ ਕਰ ਗਏ ਉਪਰਾਲਾ ਪਿਆਰਿਆਂ ਦੀ ਸੰਭਾਲ ਦਾ ਕੋਈ ਅਪਣੇ ਤੁੱਲ ਟੇਕ ਦੇ ਕੇ?

**ਪ੍ਰਸੰਨ—** ਗੁਰੂ ਅੰਗਦ ਦੇਵ ਜੀ ਦੇ ਹੀਏ ਵਿਚ ਬਹਿ ਕੇ ਉਹੋ ਆਪਣੀ ਜੋਤੀ ਜਗਮਗ ਕਰ ਦਿੱਤੀ ਸਾਨੇ।

**ਭੰਗਰ—** ਸ੍ਰੀ ਚੰਦ ਜੀ ਨੂੰ ਨਹੀਂ?

**ਪ੍ਰਸੰਨ—** ਜੀ ਨਹੀਂ।

**ਭੰਗਰ—** ਇਹ ਸਾਹਿਬ ਕੌਣ ਹਨ? ਅਗੇ ਤਾਂ ਜਸ, ਕੀਰਤੀ, ਨਾਉਂ ਨਹੀਂ ਸੁਣਿਆ ਕਦੇ।

**ਪ੍ਰਸੰਨ—** ਸ੍ਰੀ ਲਹਿਣਾ ਜੀ, 'ਫਰੂਕੇ' ਮੱਤੇ ਦੀ ਸਰਾਂ ਵਾਲੇ ਦੇ ਸਪੂਤ! ਤੁਸਾਂ ਭਾਵੇਂ ਦਰਸ਼ਨ ਨਹੀਂ ਕੀਤੇ।

**ਭੰਗਰ—** ਅੱਛਾ, ਲਹਿਣਾ ਜੀ, ਜੋ ਥੋੜੇ ਹੀ ਬਰਸਾਂ ਤੋਂ ਚਰਨ ਸ਼ਰਨ ਆਏ ਸਨ, ਉਹਨਾਂ ਦੀ ਗੁਰੂ ਭਗਤੀ ਬੜੇ ਕਮਾਲ ਦੀ ਸੁਣੀ ਸੀ। ਅੱਛਾ ਤਾਂ ਉਨ੍ਹਾਂ ਦਾ ਹੀ ਨਾਉਂ ਵਟਾਇਆ ਨੇਂ, ਅੰਗਦ?....(ਸੋਚ ਕੇ) ਕੀ ਅਰਥ ਹੋਇਆ 'ਅੰਗਦ' ਦਾ?

**ਪ੍ਰਸੰਨ—** ਜੋ ਪਰਮਾਤਮ ਪਿਆਰ ਵਿਚ ਸਰੀਰ ਦਾ ਮੋਹ ਸੰਪੂਰਨ ਤਜਾਗ ਦੇਵੇ ਸੋ ਅੰਗਦ। ਅੰਗ-ਸਰੀਰ। ਦ-ਦੇਣਾ। ਸਰੀਰ ਦਾ ਮੋਹ ਤਜਾਗ ਦੇਣਾ।

**ਭੰਗਰ—** ਤੁਸੀਂ ਪੰਡਤ ਹੋ ਠੀਕ ਅਰਥ ਕੀਤਾ ਨੇ। ਮੈਂ ਜਾਤਾ ਸੀ ਕਿ 'ਅੰਗਜ' 'ਅੰਗਦ' ਇਕੋ ਗਲ ਹੈ, ਜਿਸ ਦਾ ਅਰਥ ਹੈ-'ਪੁਤ੍ਰ'। ਸ੍ਰੀ

(ਬਾਕੀ ਪੰਨਾ 11 'ਤੇ)

# ਗੁਰੂ ਨਾਨਕ : ਇਕ ਸ਼ਰਧਾਂਜਲੀ

❖ ਬਲਰਾਜ ਸਾਹਨੀ

ਜੇਕਰ ਗੁਰੂ ਨਾਨਕ ਦੇਵ ਕੇਵਲ ਇਕ ਧਰਮ ਦੇ ਬਾਨੀ ਹੀ ਹੁੰਦੇ ਤਾਂ ਮੈਂ ਉਨ੍ਹਾਂ ਬਾਰੇ ਕੁਝ ਕਹਿਣ ਦਾ ਹੀਆ ਸ਼ਾਇਦ ਨਾ ਕਰਦਾ, ਕਿਉਂਕਿ ਮੈਂ ਧਾਰਮਿਕ ਆਦਮੀ ਨਹੀਂ ਹਾਂ, ਅਤੇ ਨਾ ਮੈਨੂੰ ਸਿੱਖ ਮਤ ਦਾ, ਜਿਸ ਦੀ ਸਥਾਪਨਾ ਗੁਰੂ ਨਾਨਕ ਨੇ ਕੀਤੀ, ਕੋਈ ਬਹੁਤ ਗਿਆਨ ਹੈ।

ਗੁਰੂ ਨਾਨਕ ਦੇਵ ਵਿਚ ਮੇਰੀ ਦਿਲਚਸਪੀ ਪੂਰਨ ਤੌਰ ਤੇ ਧਰਮ-ਨਿਰਪੇਖ ਹੈ; ਤੁਸੀਂ ਇਸ ਨੂੰ ਸਾਹਿਤਕ, ਕਲਾਤਮਕ ਜਾਂ ਦਾਰਸ਼ਨਿਕ ਕਹਿ ਸਕਦੇ ਹੋ।

ਚੰਗੇ ਭਾਗਾਂ ਨੂੰ ਗੁਰੂ ਸਾਹਿਬ ਇਕ ਅਤਿ ਅਤੇ ਮਹਾਨ ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਸਨ। ਉਹ ਜਿਹੜੇ ਉਨ੍ਹਾਂ ਨੂੰ ਪਰਮਾਤਮਾ ਜਾਂ ਅਵਤਾਰ ਕਰ ਕੇ ਪੂਜਣ ਵਿਚ ਖ਼ੁਸ਼ ਹਨ, ਨਾ ਤਾਂ ਉਨ੍ਹਾਂ ਨਾਲ ਪੂਰਾ ਇਨਸਾਫ਼ ਕਰਦੇ ਹਨ, ਨਾ ਆਪਣੇ ਨਾਲ ਨਿਆਂ ਪਾਲਦੇ ਹਨ।

ਜਿਨ੍ਹਾਂ ਦਿਨਾਂ ਵਿਚ ਮੈਂ ਸ਼ਾਂਤੀ ਨਿਕੇਤਨ ਵਿਚ ਪੜ੍ਹ ਰਿਹਾ ਸਾਂ, ਉਨ੍ਹਾਂ ਦਿਨਾਂ ਵਿਚ ਇਕ ਸਮੇਂ ਗੁਰੁਦੇਵ ਰਾਬਿੰਦਰ ਨਾਥ ਟੈਗੋਰ ਨੇ ਮੈਨੂੰ ਪੁੱਛਿਆ, "ਤੂੰ ਹਿੰਦੀ ਵਿਚ ਕਿਉਂ ਲਿਖਦਾ ਹੈਂ? ਪੰਜਾਬੀ ਵਿਚ ਕਿਉਂ ਨਹੀਂ ਲਿਖਦਾ, ਜਿਹੜੀ ਤੇਰੀ ਮਾਤ-ਭਾਸ਼ਾ ਹੈ?"

ਆਪਣੀ ਪੀੜ੍ਹੀ ਦੇ ਹੋਰ ਬਹੁਤ ਸਾਰੇ ਲੋਕਾਂ ਵਾਂਗ ਮੈਂ ਵੀ ਐਂਗਲੋ-ਇੰਡੀਅਨ ਭਾਂਤ ਦੀ ਵਿੱਦਿਆ ਪ੍ਰਾਪਤ ਕੀਤੀ ਸੀ, ਅਤੇ ਆਪਣੀ ਮਾਤ-ਭਾਸ਼ਾ ਲਈ ਮੇਰੇ ਦਿਲ ਵਿਚ ਕੋਈ ਪਿਆਰ ਜਾਂ ਸਤਿਕਾਰ ਨਹੀਂ ਸੀ।

"ਪੰਜਾਬੀ ਤਾਂ ਕੇਵਲ ਇਕ ਉਪ-ਭਾਖਾ ਹੈ ਅਤੇ ਇਸਦਾ ਕੋਈ ਵਿਸ਼ੇਸ਼ ਸਾਹਿਤ ਨਹੀਂ ਹੈ!" ਮੈਂ ਉੱਤਰ ਵਿਚ ਬੋਲਿਆ।

ਗੁਰੁਦੇਵ ਟੈਗੋਰ ਨੇ ਮੇਰੇ ਵੱਲ ਘੂਰ ਕੇ ਤੱਕਿਆ; ਮੇਰੇ ਉੱਤਰ ਤੋਂ ਉਹ ਰੋਹ ਵਿਚ ਆਏ ਲਗਦੇ ਸਨ। ਉਨ੍ਹਾਂ ਇਕਦਮ ਆਪਣੇ ਗੰਭੀਰ ਅਤੇ ਪ੍ਰਭਾਵਸ਼ਾਲੀ ਅੰਦਾਜ਼ ਵਿਚ ਕੁਝ ਤੁਕਾਂ ਗੁਨਗੁਨਾਉਣੀਆਂ ਸ਼ੁਰੂ ਕਰ ਦਿੱਤੀਆਂ :

**ਗਗਨੁ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥**
**ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ॥੨॥**

ਇਨ੍ਹਾਂ ਤੁੱਕਾਂ ਦੀ ਸੁੰਦਰਤਾ ਮੇਰੇ ਮਨ ਨੂੰ ਵਿੰਨ੍ਹ ਗਈ ਅਤੇ ਇਹ ਜਾਣ ਕੇ ਮੇਰੀ ਹੈਰਾਨੀ ਦੀ ਹੱਦ ਨਾ ਰਹੀ ਕਿ ਇਹ ਗੁਰੂ ਨਾਨਕ ਸਾਹਿਬ ਦੀਆਂ ਰਚੀਆਂ ਹੋਈਆਂ ਹਨ। ਫਿਰ ਗੁਰੁਦੇਵ ਨੇ ਪੁੱਛਿਆ, "ਕੀ ਤੇਰਾ ਮਤਲਬ ਇਹ ਹੈ ਕਿ ਜਿਸ ਬੋਲੀ ਵਿਚ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਰਗਾ ਅਮੁਲ ਭੰਡਾਰ ਹੈ, ਉਹ ਮਾੜੀ ਹੈ?" ਅਤੇ, ਜੇ ਮੈਂ ਭੁਲਦਾ ਨਹੀਂ, ਤਾਂ ਗੁਰੂਦੇਵ ਨੇ ਇਹ ਵੀ ਕਿਹਾ ਸੀ ਕਿ "ਮੈਂ ਕਬੀਰ ਦੀ ਬਹੁਤ ਸਾਰੀ ਬਾਣੀ ਦਾ ਅਨੁਵਾਦ ਕੀਤਾ ਹੈ, ਪਰ ਗੁਰੂ ਨਾਨਕ ਦੀ ਬਾਣੀ ਦਾ ਅਨੁਵਾਦ ਕਰਨ ਲੱਗਿਆਂ ਮੈਨੂੰ ਸਦਾ ਹੀ ਝਿਜਕ ਰਹੀ ਹੈ। ਮੈਨੂੰ ਸਦਾ ਹੀ ਇਹ ਤੌਖਲਾ ਲੱਗਾ ਰਿਹਾ ਹੈ ਕਿ ਮੈਂ ਗੁਰੂ ਨਾਨਕ ਦੀ ਬਾਣੀ ਨਾਲ ਪੂਰਾ ਇਨਸਾਫ਼ ਨਹੀਂ ਕਰ ਸਕਾਂਗਾ!"

ਗੁਰੂ ਸਾਹਿਬ ਦੀ ਬਾਣੀ ਨਾਲ ਇਹ ਮੇਰਾ ਪਹਿਲਾ ਸੰਪਰਕ ਸੀ। ਇਸ ਪਿੱਛੋਂ ਮੈਂ ਆਪਣੇ ਮਾਤਾ ਜੀ ਦੇ ਚਰਨਾਂ ਵਿਚ ਬਹਿ ਕੇ ਗੁਰੂ ਨਾਨਕ ਬਾਣੀ ਸ੍ਰਵਣ ਕੀਤੀ। ਉਹ ਇਸ ਦਾ ਪਾਠ ਰੋਜ਼ ਕਰਿਆ ਕਰਦੇ ਸਨ। ਸਹਿਜੇ ਸਹਿਜੇ ਮੈਨੂੰ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀ ਸਮਝ ਆਉਣ ਲੱਗੀ ਅਤੇ ਮੈਂ ਆਪ ਇਸ ਨੂੰ ਪੜ੍ਹਨ ਤੇ ਇਸ ਦਾ ਸਤਿਕਾਰ ਕਰਨ ਲੱਗ ਪਿਆ।

**ਗੁਰੂ ਨਾਨਕ ਸਾਹਿਬ ਦੀ ਬਾਣੀ ਨੇ ਕਿਸ ਹੱਦ ਤਕ ਲੋਕਾਂ ਨੂੰ ਇਨਕਲਾਬ ਅਤੇ ਸੁਤੰਤਰਤਾ ਸੰਗ੍ਰਾਮ ਲਈ ਪ੍ਰੇਰਿਆ?— ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਜਿਹੜੇ ਹਜ਼ਾਰਾਂ ਇਨਕਲਾਬੀ ਦੇਸ਼ ਭਗਤ ਅੰਗ੍ਰੇਜ਼ੀ ਸਰਕਾਰ ਨੇ ਫ਼ਾਂਸੀ ਲਟਕਾਏ, ਉਨ੍ਹਾਂ ਵਿੱਚੋਂ ਬਹੁਤੀ ਗਿਣਤੀ ਗੁਰੂ ਨਾਨਕ ਦੇ ਨਾਮ-ਲੇਵਾ ਸਿੱਖਾਂ ਦੀ ਸੀ।**

ਗੁਰੂ ਸਾਹਿਬ ਦੀ ਬਾਣੀ ਦਾ ਘੇਰਾ ਬਹੁਤ ਵਿਸ਼ਾਲ ਹੈ। ਇਸ ਦਾ ਬਹੁਤਾ ਭਾਗ ਕੁਦਰਤੀ ਸੁੰਦਰਤਾ ਦੇ ਵਰਣਨ, ਖ਼ਿਆਲਾਂ ਦੀ ਡੂੰਘਾਈ ਅਤੇ ਫ਼ਲਸਫ਼ੇ ਦੀਆਂ ਬਾਰੀਕੀਆਂ ਨਾਲ ਭਰਿਆ ਹੋਇਆ ਹੈ। ਇਹ ਬਾਣੀ ਮਾਤ ਲੋਕ ਨੂੰ ਲੰਘ ਕੇ ਕਿਸੇ ਅਗੰਮੀ ਲੋਕ ਵਿਚ ਲੈ ਜਾਣ ਦੀ ਸਮਰੱਥਾ ਰੱਖਦੀ ਹੈ। ਇਹ ਚੀਜ਼ ਅੰਗ੍ਰੇਜ਼ ਕਵੀ ਸ਼ੈਲੀ ਅਤੇ ਵਰਡਜ਼ਵਰਥ ਦੀ ਯਾਦ ਤਾਜ਼ਾ ਕਰਾਂਦੀ ਹੈ। ਇਹ ਇਸ ਕਾਰਨ ਕਿ ਇਨ੍ਹਾਂ ਸਾਰਿਆਂ ਕਵੀਆਂ ਦੇ ਕਲਾਮ ਵਿਚ ਵੇਦਾਂਤੀ ਰੰਗ ਪਾਇਆ ਜਾਂਦਾ ਹੈ। ਫਿਰ, ਇਸ ਬਾਣੀ ਦਾ ਕੁਝ ਹਿੱਸਾ ਸਪਸ਼ਟ ਭਾਂਤ ਕ੍ਰਾਂਤੀਕਾਰੀ ਹੈ। ਇਸ ਨੇ ਗੁਰੂ ਸਾਹਿਬ ਦੇ ਪੈਰੋਕਾਰਾਂ ਨੂੰ ਇਕ ਆਦਰਸ਼ ਪ੍ਰਦਾਨ ਕਰਕੇ ਆਉਣ ਵਾਲੇ ਯੁੱਧਾਂ ਲਈ ਤਿਆਰ ਕੀਤਾ। ਇਹ ਯੁੱਧ ਗੁਰੂ ਸਾਹਿਬ ਦੇ ਨਾਮ-ਲੇਵਾਵਾਂ ਨੂੰ ਬਾਅਦ ਵਿਚ ਅਤਿਆਚਾਰ ਮਿਟਾਣ ਲਈ ਲੜਨੇ ਪਏ। ਉਦਾਹਰਨ ਵਜੋਂ, ਮੈਂ ਇਕ ਲਾਈਨ ਪੇਸ਼ ਕਰਨ ਦੀ ਇਜਾਜ਼ਤ ਚਾਹਾਂਗਾ। ਗੁਰੂ ਸਾਹਿਬ ਦਾ ਕਥਨ ਹੈ :

**ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥**
**ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥** (ਅੰਗ ੧੪੧੨)

ਤਲੀ ਤੇ ਸਿਰ ਰੱਖਣਾ, ਪੰਜਾਬੀ ਤੇ ਹਿੰਦੀ ਦੋਹਾਂ ਬੋਲੀਆਂ ਵਿਚ ਮੁਹਾਵਰੇ ਦੇ ਰੂਪ ਵਿਚ ਵਰਤਿਆ ਜਾਣ ਲਗ ਪਿਆ ਹੈ।

ਗ਼ਦਰ ਪਾਰਟੀ ਜਿਸ ਨਾਲ ਲਾਲਾ ਹਰਦਿਆਲ, ਸੋਹਨ ਸਿੰਘ ਭਕਨਾ ਅਤੇ ਕਰਤਾਰ ਸਿੰਘ ਸਰਾਭਾ ਜੁੜੇ ਹੋਏ ਸਨ, **ਗ਼ਦਰ** ਨਾਂ ਦਾ ਇਕ ਰਿਸਾਲਾ ਬਿਦੇਸ਼ ਤੋਂ ਕੱਢਿਆ ਕਰਦੀ ਸੀ। ਇਹ ਰਿਸਾਲਾ

ਪੰਜਾਬੀ, ਉਰਦੂ ਅਤੇ ਹੋਰਨਾਂ ਭਾਰਤੀ ਭਾਸ਼ਾਵਾਂ ਵਿਚ ਛਪਿਆ ਕਰਦਾ ਸੀ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਭਾਰਤ ਵਿਚ ਚੋਰੀ ਛੁਪੀ ਪਹੁੰਚਦਾ ਸੀ। ਗੁਰੂ ਸਾਹਿਬ ਦੀ ਉਪਰੋਕਤ ਤੁਕ ਇਸ ਰਿਸਾਲੇ ਤੇ ਪਾਰਟੀ ਦੇ ਉੱਦੇਸ਼ ਵਜੋਂ ਛਾਪੀ ਜਾਂਦੀ ਸੀ।

ਗੁਰੂ ਨਾਨਕ ਸਾਹਿਬ ਦੀ ਬਾਣੀ ਨੇ ਕਿਸ ਹੱਦ ਤਕ ਲੋਕਾਂ ਨੂੰ ਇਨਕਲਾਬ ਅਤੇ ਸੁਤੰਤਰਤਾ ਸੰਗ੍ਰਾਮ ਲਈ ਪ੍ਰੇਰਿਆ?— ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਜਿਹੜੇ ਹਜ਼ਾਰਾਂ ਇਨਕਲਾਬੀ ਦੇਸ਼ ਭਗਤ ਅੰਗ੍ਰੇਜ਼ੀ ਸਰਕਾਰ ਨੇ ਫ਼ਾਂਸੀ ਲਟਕਾਏ, ਉਨ੍ਹਾਂ ਵਿੱਚੋਂ ਬਹੁਤੀ ਗਿਣਤੀ ਗੁਰੂ ਨਾਨਕ ਦੇ ਨਾਮ-ਲੇਵਾ ਸਿੱਖਾਂ ਦੀ ਸੀ।

ਗੁਰੂ ਨਾਨਕ ਦੇਵ ਬਾਬਰ ਦੇ ਹਮਲੇ ਵੇਲੇ ਜੀਵਤ ਸਨ। ਉਨ੍ਹਾਂ ਦੇ ਕੁਝ ਸ਼ਬਦ ਉਸ ਹਮਲੇ ਦਾ ਚਿਤ੍ਰਣ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਕਰਦੇ ਹਨ। ਇਸ ਵਿਚ ਹਮਲੇ ਵੇਲੇ ਦੇ ਹਾਲਾਤ ਪੂਰੀ ਤਰ੍ਹਾਂ ਚਿਤ੍ਰਿਤ ਹਨ। ਇਸ ਵਿਚ ਮਨੁੱਖ ਜਾਤੀ ਉੱਤੇ ਉਸ ਸਮੇਂ ਹੋਏ ਅਤਿਆਚਾਰਾਂ ਵਿਰੁੱਧ ਗੁਰੂ ਜੀ ਦਾ ਰੋਸ ਭਰਿਆ ਪਿਆ ਹੈ। ਇਕ ਥਾਂ ਕਿੰਨੇ ਸਖ਼ਤ ਸ਼ਬਦ ਵਰਤੇ ਹਨ? ਲਿਖਿਆ ਹੈ :

**ਰਾਜੇ ਸੀਹ ਮੁਕਦਮ ਕੁਤੇ॥ ਜਾਇ ਜਗਾਇਨਿ੍ ਬੈਠੇ ਸੁਤੇ।** (ਅੰਗ ੧੨੮੮)

ਅਰਥਾਤ ਹਾਕਮ ਸ਼੍ਰੇਣੀ ਦਾ ਵਤੀਰਾ ਸ਼ੇਰ ਵਾਂਗ ਰੱਤ ਪੀਣਾ ਅਤੇ ਉਨ੍ਹਾਂ ਦੇ ਅਧਿਕਾਰੀਆਂ ਦਾ ਅੱਗੋਂ ਕੁੱਤਿਆਂ ਵਾਂਗ ਹੋਇਆ ਹੋਇਆ ਹੈ।

ਇਸੇ ਤਰ੍ਹਾਂ ਬਾਬਰ ਵੱਲੋਂ ਢਾਏ ਗਏ ਅਤਿਆਚਾਰਾਂ ਨੂੰ ਚਿਤਾਰਦੇ ਆਪ ਲਿਖਦੇ ਹਨ :

**ਪਾਪ ਦੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ॥**
**ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ॥**

ਗੁਰੂ ਨਾਨਕ ਦੇਵ ਜੀ ਦੀ ਵਿਸ਼ਾਲ ਤੇ ਵਿਚਿਤ੍ਰ ਬਾਣੀ ਦਾ ਗੰਭੀਰਤਾ ਨਾਲ ਕੀਤਾ ਅਧਿਐਨ ਉਨ੍ਹਾਂ ਦੀ ਸ਼ਖ਼ਸੀਅਤ ਨੂੰ ਨਿਖਾਰ ਕੇ ਬਹੁਤ ਸਪਸ਼ਟ ਢੰਗ ਨਾਲ ਸਾਹਮਣੇ ਲੈ ਆਉਂਦਾ ਹੈ, ਉਂਞ ਭਾਵੇਂ ਉਨ੍ਹਾਂ ਦੇ ਜੀਵਨ ਬਾਰੇ ਇਤਿਹਾਸਕ ਸਮਗ੍ਰੀ ਕੋਈ ਬਹੁਤ ਨਹੀਂ ਮਿਲਦੀ।

ਮੇਰਾ ਯਕੀਨ ਹੈ ਕਿ ਜੇ ਕੋਈ ਇਤਿਹਾਸਕਾਰ ਪੂਰੀ ਲਗਨ ਨਾਲ ਇਸ ਪਾਸੇ ਕੰਮ ਕਰੇ ਤਾਂ ਉਸ ਨੂੰ ਉਹ ਵੀ ਜ਼ਰੂਰ ਮਿਲ ਜਾਏਗੀ। ਉਦਾਹਰਨ ਵਜੋਂ, ਗੁਰੂ ਸਾਹਿਬ ਬਾਰੇ ਇਹ ਖ਼ਿਆਲ ਬੜਾ ਆਮ ਹੈ ਕਿ ਉਨ੍ਹਾਂ ਆਪਣੇ ਮਤ ਦੇ ਪ੍ਰਚਾਰ ਲਈ ਥਾਂ ਥਾਂ ਦਾ ਦੇਸਾਟਨ ਕੀਤਾ; ਉਹ ਭਾਰਤ ਦੇ ਕੋਨੇ-ਕੋਨੇ ਵਿਚ ਗਏ ਅਤੇ ਬਾਹਰਲੇ ਦੇਸਾਂ ਵਿਚ ਵੀ ਰਮੇ।

ਗੁਰੂ ਸਾਹਿਬ ਦੀ ਬਾਣੀ ਦਾ ਵਿਦਿਆਰਥੀ ਹੋਣ ਦੀ ਸੂਰਤ ਵਿਚ ਮੈਂ ਇਸ ਨੂੰ ਇਸ ਤਰ੍ਹਾਂ ਪੇਸ਼ ਨਹੀਂ ਕਰਾਂਗਾ। ਮੈਂ ਕਹਾਂਗਾ ਕਿ ਗੁਰੂ ਸਾਹਿਬ ਦੀ ਰਚਨਾ ਤੋਂ ਭਲੀ ਭਾਂਤ ਸਿੱਧ ਹੋ ਜਾਂਦਾ ਹੈ ਕਿ ਉਹ ਇਕ ਮਹਾਨ ਕਲਾਕਾਰ ਸਨ ਅਤੇ ਬੜੇ ਗੰਭੀਰ ਵਿਚਾਰਾਂ ਨੂੰ ਬੜੀ ਸਰਲ, ਸੌਖੀ ਤੇ ਪ੍ਰਭਾਵਸ਼ਾਲੀ ਬੋਲੀ ਵਿਚ ਪ੍ਰਗਟਾ ਸਕਦੇ ਸਨ। ਅਜੇਹੀ ਕਲਾ-ਨਿਪੁਣਤਾ ਨਿਪਟ ਦੈਵੀ ਪ੍ਰੇਰਣਾ ਦੀ ਉਪਜ ਨਹੀਂ ਹੋ ਸਕਦੀ। ਜੇ ਅਸੀਂ ਗੁਰੂ ਨਾਨਕ ਦੇਵ ਜੀ ਨੂੰ ਇਕ ਮਨੁੱਖ ਦੇ ਰੂਪ ਵਿਚ ਵੇਖੀਏ, ਤਾਂ ਸਪਸ਼ਟ ਹੋ ਜਾਏਗਾ ਕਿ ਉਨ੍ਹਾਂ ਨੇ ਗਿਆਨ, ਤਜਰਬਾ ਅਤੇ ਪ੍ਰਗਟਾਵੇ ਦੀ ਪੁਖ਼ਤਗੀ ਲਿਆਉਣ ਲਈ ਬੜੀ ਤਨਦੇਹੀ ਅਤੇ ਸਿਰੜ ਨਾਲ ਮਿਹਨਤ ਕੀਤੀ। ਸੱਚੇ ਕਲਾਕਾਰ, ਸੁਭਾਵ ਕਰਕੇ, ਨਿਮਰ-ਭਾਵੀ ਹੁੰਦੇ ਹਨ ਅਤੇ ਗੁਰੂ ਨਾਨਕ ਸਾਹਿਬ ਇਨ੍ਹਾਂ ਨਿਮਰ-ਭਾਵੀ ਕਲਾਕਾਰਾਂ ਵਿੱਚੋਂ ਸਭ ਨਾਲੋਂ ਵਧੇਰੇ ਨਿਮਰ ਸਨ। ਆਪਣੇ ਬਾਰੇ ਕੇਵਲ ਉਹੀ ਇਸ ਪ੍ਰਕਾਰ ਕਹਿ ਸਕਦੇ ਸਨ :

**ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ॥...**
**ਭਇਆ ਦਿਵਾਨਾ ਸਾਹ ਕਾ ਨਾਨਕ ਬਉਰਾਨਾ।** (ਅੰਗ ੯੯੧)

ਇਸ ਦੀ ਤੁਲਨਾ ਸੰਸਕ੍ਰਿਤ ਅਤੇ ਫ਼ਾਰਸੀ ਦੇ ਮਹਾਨ ਗਿਆਤਾ ਅਤੇ ਗੁਰੂ ਨਾਨਕ ਘਰ ਦੇ ਸਿੱਖ ਭਾਈ ਗੁਰਦਾਸ ਜੀ ਦੇ ਕਥਨ ਨਾਲ ਕਰੋ। ਉਹ ਲਿਖਦੇ ਹਨ :

**ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।** (੧/੨੭)

ਮੈਨੂੰ ਵਿਸ਼ਵਾਸ ਹੈ ਕਿ ਗੁਰੂ ਨਾਨਕ ਨੇ ਦੇਸ ਬਿਦੇਸ਼ ਦਾ ਰਟਣ ਖ਼ੂਬ ਕੀਤਾ ਹੋਇਆ ਸੀ। ਸਿੰਧ ਵਿਚ ਗੁਰੂ ਨਾਨਕ ਦੇ ਬੇਸ਼ੁਮਾਰ ਮਤਾਵਲੰਬੀ ਹਨ, ਭਾਵੇਂ ਉਹ ਆਪਣੇ ਆਪ ਨੂੰ 'ਸਿੱਖ' ਨਹੀਂ ਅਖਵਾਉਂਦੇ। ਇਸ ਗੱਲ ਤੋਂ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਉਹ ਸਿੰਧ ਵਿਚ ਘੁੰਮ ਕੇ ਆਪਣਾ ਪ੍ਰਚਾਰ ਕਰਦੇ ਰਹੇ। ਗੁਰੂ ਨਾਨਕ ਦੇਵ ਜੀ ਅਰਬੀ ਤੇ ਫ਼ਾਰਸੀ ਸੂਫ਼ੀ ਸੰਤਾਂ ਤੇ ਦਾਨਿਆਂ ਨੂੰ ਮਿਲਣ ਲਈ ਬਸਰੇ ਤੇ ਮੱਕੇ ਅਤੇ ਤੁਰਕੀ ਵੀ ਗਏ ਹੋਣਗੇ। ਗੁਰੂ ਸਾਹਿਬ ਦੀ ਬਾਣੀ ਵਿੱਚੋਂ ਅਜੇਹੇ ਬਹੁਤ ਸਾਰੇ ਸਬੂਤ ਮਿਲਦੇ ਹਨ ਜੋ ਇਸਲਾਮੀ ਦਰਸ਼ਨ ਅਤੇ ਤਸਵੁੱਫ ਲਈ ਉਨ੍ਹਾਂ ਦੀ ਰੁਚੀ ਦੇ ਸੂਚਕ ਹਨ।

ਮੈਨੂੰ ਯੂ. ਪੀ., ਬਿਹਾਰ ਅਤੇ ਹੋਰ ਵੀ ਕਈ ਪ੍ਰਾਂਤਾਂ ਵਿਚ ਨਾਨਕ-ਪੰਥੀਆਂ ਨੂੰ ਮਿਲਣ ਦਾ ਮੌਕਾ ਮਿਲਿਆ ਹੈ, ਭਾਵੇਂ ਉਹ ਸਿੱਖ ਧਰਮ ਦੀ ਮਰਯਾਦਾ ਦੇ ਪਾਬੰਦ ਨਹੀਂ ਹਨ। ਇਕ ਵਾਰ ਮੇਰੇ ਨਾਲ ਲੱਦਾਖ ਵਿਚ ਇਕ ਬੜੀ ਦਿਲਚਸਪ ਘਟਨਾ ਵਾਪਰੀ। ਉੱਥੇ ਮੈਂ ਇਕ ਫ਼ਿਲਮ ਦੀ ਸ਼ੂਟਿੰਗ ਲਈ ਗਿਆ ਹੋਇਆ ਸਾਂ। ਅਸੀਂ ਲੇਹ ਦੇ ਲਾਗੇ ਇਕ ਬੋਧੀ ਮਠ ਵਿਚ ਸ਼ੂਟਿੰਗ ਕਰ ਰਹੇ ਸਾਂ। ਉਸ ਮਠ ਦਾ ਇਕ ਲਾਮਾ ਸਾਨੂੰ ਮਠ ਦੇ ਅੰਦਰਲੇ ਹਾਲ ਕਮਰੇ ਵਿਖਾਉਣ ਲਈ ਲੈ ਗਿਆ। ਉਸ ਨੇ ਇਕ ਬੁੱਤ ਵਲ ਇਸ਼ਾਰਾ ਕਰਦਿਆਂ ਕਿਹਾ ਕਿ ਇਹ ਗੁਰੂ ਨਾਨਕ ਦੀ ਮੂਰਤੀ ਹੈ। ਮੈਂ ਵੇਖ ਕੇ ਬਹੁਤ ਹੈਰਾਨ ਹੋਇਆ ਅਤੇ ਕੁਝ ਸ਼ੰਕਾ ਵਿਚ ਪੈ ਗਿਆ ਕਿਉਂਕਿ ਇਹ ਵੀ ਬੋਧੀਸਤ੍ਵ ਦੀਆਂ ਬਾਕੀ ਮੂਰਤੀਆਂ ਵਰਗਾ ਸੀ। ਪਰੰਤੂ, ਉਹ ਲਾਮਾ ਇਸ ਗੱਲ ਤੇ ਜ਼ੋਰ ਦੇਈ ਜਾ ਰਿਹਾ ਸੀ ਕਿ ਇਹ ਮੂਰਤੀ ਗੁਰੂ ਨਾਨਕ ਦੀ ਹੀ ਹੈ। ਉਸ ਨੇ ਮੈਨੂੰ ਇਹ ਵੀ ਦੱਸਿਆ ਕਿ ਉਸ ਥਾਂ ਤੋਂ ਕੋਈ ਵੀਹ ਕੁ ਮੀਲਾਂ ਦੀ ਦੂਰੀ ਉੱਤੇ ਨਾਨਕ ਨਾਮ-ਲੇਵਾਵਾਂ ਦੀ ਇਕ ਬਸਤੀ ਹੈ।

ਇਹ ਬਸਤੀ ਵੇਖਣ ਦਾ ਮੌਕਾ ਤਾਂ ਨਾ ਮਿਲਿਆ, ਪਰ ਗੁਰੂ ਨਾਨਕ ਸਾਹਿਬ ਦੀਆਂ ਆਪਣੀਆਂ ਰਚਨਾਵਾਂ ਦੇ ਅਧਿਐਨ ਤੋਂ ਮੈਂ ਮੰਨ ਸਕਦਾ ਹਾਂ ਕਿ ਉਹ ਲਾਮਾ ਬਿਲਕੁਲ ਠੀਕ ਕਹਿੰਦਾ ਹੋਵੇਗਾ। ਮਹਾਤਮਾ ਬੁੱਧ ਦੀ ਤਰ੍ਹਾਂ ਗੁਰੂ ਨਾਨਕ ਦੇਵ ਵੀ ਸੰਨਿਆਸ ਧਾਰ ਕੇ ਘਰੋਂ ਨਿਕਲ ਜਾਣ ਦਾ ਵਿਰੋਧ ਕਰਦੇ ਸਨ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਸਾਧਾਰਣ ਭਾਂਤ ਦਾ ਘਰੇਲੂ ਅਤੇ ਸੰਸਾਰੀ ਜੀਵਨ ਬਤੀਤ ਕਰ ਕੇ ਵੀ ਮਨੁੱਖ ਪਰਮਾਤਮਾ ਨੂੰ ਪਾ ਸਕਦਾ ਹੈ।

ਇੰਞ ਪ੍ਰਤੀਤ ਹੁੰਦਾ ਹੈ ਕਿ ਗੁਰੂ ਨਾਨਕ ਦੇਵ ਜੀ ਤਿੱਬਤ ਵੀ ਗਏ ਸਨ ਅਤੇ ਉਨ੍ਹਾਂ ਬੁੱਧ ਮਤ ਦਾ ਅਧਿਐਨ ਵੀ ਕੀਤਾ ਹੋਇਆ ਸੀ।

ਇਸ ਗੱਲ ਦਾ ਸ਼ੱਕ ਬਣਿਆ ਰਹਿੰਦਾ ਹੈ ਕਿ ਗੁਰੂ ਨਾਨਕ ਨੇ ਕਿਸੇ ਵੱਖਰੇ ਜਾਂ ਨਵੇਂ ਧਰਮ ਦੀ ਸਥਾਪਨਾ ਕੀਤੀ। ਗੁਰੂ ਸਾਹਿਬ ਦਾ ਆਪਣਾ

ਪਹਿਲਾ ਸਿੱਖ ਤੇ ਉਦਾਸੀਆਂ ਵਿਚ ਉਨ੍ਹਾਂ ਦਾ ਸਾਥੀ, ਮਰਦਾਨਾ, ਇਕ ਮੁਸਲਮਾਨ ਸੀ ਅਤੇ ਉਹ ਅੰਤਿਮ ਦਿਨਾਂ ਤਕ ਮੁਸਲਮਾਨ ਹੀ ਰਿਹਾ। ਗੁਰੂ ਨਾਨਕ ਦੇਵ ਨੇ ਉਸ ਦਾ ਧਰਮ ਬਦਲਾਉਣ ਦਾ ਕੋਈ ਯਤਨ ਨਾ ਕੀਤਾ।


ਗੁਰੂ ਨਾਨਕ ਸਾਹਿਬ ਦੀ ਵਿਸ਼੍ਵ ਵਿਆਪੀ ਅਤੇ ਧਰਮ-ਨਿਰਪੇਖ ਦ੍ਰਿਸ਼ਟੀ ਦੇ ਇਕ ਹੋਰ ਸਬੂਤ ਵਜੋਂ ਇਹ ਵੀ ਕਿਹਾ ਜਾ ਸਕਦਾ ਹੈ ਕਿ ਗੁਰੂ ਗ੍ਰੰਥ ਸਾਹਿਬ, ਜਿਸ ਵਿਚ ਗੁਰੂ ਨਾਨਕ ਅਤੇ ਉਨ੍ਹਾਂ ਤੋਂ ਪਿਛਲੇ ਗੁਰੂਆਂ ਦੀ ਬਾਣੀ ਹੈ, ਸਰਬ ਭਾਰਤੀ ਪੱਧਰ ਉੱਤੇ ਭਾਰਤ ਦਾ ਪਹਿਲਾ ਕਾਵਿ-ਸੰਗ੍ਰਹਿ ਹੈ। ਇਸ ਮਹਾਨ ਸੰਗ੍ਰਹਿ ਵਿਚ ਬੰਗਾਲ ਦੇ ਭਗਤ ਜੈ ਦੇਵ ਅਤੇ ਰਾਮਾ ਨੰਦ, ਮਹਾਰਾਸ਼ਟਰ ਦੇ ਭਗਤ ਨਾਮਦੇਵ, ਬਨਾਰਸ ਦੇ ਕਬੀਰ ਅਤੇ ਭਾਰਤ ਦੇ ਵੱਖ-ਵੱਖ ਭਾਗਾਂ ਵਿੱਚੋਂ ਹੋਰ ਕਈ ਸੰਤਾਂ ਦੀ ਬਾਣੀ ਸ਼ਾਮਿਲ ਹੈ ਅਤੇ ਕਿਧਰੇ ਵੀ ਧਰਮ ਜਾਂ ਜਾਤ-ਪਾਤ ਦਾ ਭੇਦ-ਭਾਵ ਨਹੀਂ ਰੱਖਿਆ ਗਿਆ। ਪ੍ਰਸਿੱਧ ਮੁਸਲਿਮ ਸੂਫ਼ੀ ਕਵੀ ਸ਼ੇਖ਼ ਫ਼ਰੀਦ ਅਤੇ ਉਸ ਦੇ ਨਾਲ ਹੀ ਅਖੌਤੀ ਨੀਵੀਆਂ ਜਾਤਾਂ ’ਚੋਂ ਰਵਿਦਾਸ ਦੀ ਬਾਣੀ ਨੂੰ ਵੀ ਇਕ ਹੀ ਥਾਂ ਦਰਜ ਕੀਤਾ ਗਿਆ ਹੈ। ਇਹ ਜਾਣ ਕੇ ਤੁਹਾਨੂੰ ਬੜੀ ਖ਼ੁਸ਼ੀ ਹੋਵੇਗੀ ਕਿ ਅੰਮ੍ਰਿਤਸਰ ਦੇ ਹਰਿਮੰਦਰ ਸਾਹਿਬ ਦੀ ਨੀਂਹ ਮੁਸਲਮਾਨ ਸੂਫ਼ੀ ਸੰਤ, ਮੀਆਂ ਮੀਰ, ਤੋਂ ਰਖਵਾਈ ਗਈ ਸੀ। ਇਹ ਉਹੋ ਮੀਆਂ ਮੀਰ ਸੀ ਜਿਸਨੇ ਉਪਨਿਸ਼ਦਾਂ ਦਾ ਸੰਸਕ੍ਰਿਤ ਤੋਂ ਫ਼ਾਰਸੀ ਵਿਚ ਅਨੁਵਾਦ ਕਰਨ ਵਿਚ ਸ਼ਹਿਜ਼ਾਦਾ ਦਾਰਾ ਸ਼ਿਕੋਹ ਦੀ ਮੱਦਦ ਕੀਤੀ ਸੀ। ਪ੍ਰਸਿੱਧ ਜਰਮਨ ਵਿਦਵਾਨ ਮੈਕਮਿਊਲਰ ਦੇ ਕਥਨ ਅਨੁਸਾਰ ਯੂਰਪ ਵਿਚ ਉਪਨਿਸ਼ਦਾਂ ਨਾਲ ਜਾਣ-ਪਛਾਣ ਇਨ੍ਹਾਂ ਫ਼ਾਰਸੀ ਅਨੁਵਾਦਾਂ ਰਾਹੀਂ ਹੀ ਹੋਈ।

ਸੋ, ਤੁਸਾਂ ਜਾਣ ਲਿਆ ਹੋਵੇਗਾ ਕਿ ਭਾਰਤ ਨੂੰ ਧਰਮ-ਨਿਰਪੇਖਤਾ ਅਤੇ ਕੌਮੀ ਏਕਤਾ ਦਾ ਸਭ ਤੋਂ ਪਹਿਲਾਂ ਸਬਕ ਗੁਰੂ ਨਾਨਕ ਨੇ ਹੀ ਦਿੱਤਾ ਸੀ। ਉਸ ਨੇ ਸਾਨੂੰ ਸਾਰੇ ਧਰਮਾਂ ਦੀ ਏਕਤਾ ਦੀ ਜ਼ਰੂਰਤ ਬਾਰੇ ਹੀ ਨਾ ਦੱਸਿਆ, ਸਗੋਂ ਨਸਲਾਂ, ਜਾਤਾਂ ਅਤੇ ਕੌਮਾਂ ਵਿਚਲੇ ਭਿੰਨ ਭੇਦਾਂ ਬਾਰੇ ਅਤੇ ਵਿਰੋਧਾਂ ਤੋਂ ਵੀ ਛੁਟਕਾਰਾ ਦੁਆਇਆ। ਪ੍ਰਾਚੀਨ ਅਤੇ ਕਲਾਸਿਕੀ ਭਾਸ਼ਾਵਾਂ, ਸੰਸਕ੍ਰਿਤ ਅਤੇ ਫ਼ਾਰਸੀ, ਦੀ ਥਾਂ ਉਸ ਨੇ ਆਪਣੀਆਂ ਅਮਰ ਲਿਖਤਾਂ ਆਪਣੀ ਮਾਤ-ਭਾਸ਼ਾ ਪੰਜਾਬੀ ਵਿਚ ਦਿੱਤੀਆਂ। ਸਭ ਤੋਂ ਪਹਿਲਾਂ ‘ਪੰਜਾਬ’ ਸ਼ਬਦ ਵੀ ਉਨ੍ਹਾਂ ਹੀ ਘੜਿਆ। ਉਨ੍ਹਾਂ ਨੇ ਪੰਜਾਬੀਆਂ ਨੂੰ ਜ਼ਿੰਦਗੀ ਨਾਲ ਪਿਆਰ ਕਰਨਾ, ਮਿਹਨਤ ਨਾਲ ਪਿਆਰ ਕਰਨਾ ਅਤੇ ਨਿਡਰ ਰਹਿਣਾ ਸਿਖਾਇਆ। ਉਨ੍ਹਾਂ ਜ਼ੁਲਮ ਵਿਰੁੱਧ, ਭਾਵੇਂ ਉਹ ਕਿਤੇ ਵੀ ਹੋਵੇ, ਇਕਮੁੱਠ ਹੋ ਕੇ ਆਜ਼ਾਦ ਵਿਅਕਤੀਆਂ ਵਾਂਗ ਸਿਰ ਉਠਾਉਣ ਦਾ ਵੱਲ ਸਿਖਾਇਆ। ਸਮਾਂ ਬੀਤਣ ਨਾਲ ਉਨ੍ਹਾਂ ਦੀ ਸਿੱਖਿਆ ਨੇ ਲਿਤਾੜੇ ਹੋਏ ਲੋਕਾਂ ਨੂੰ, ਜਿਹੜੇ ਖ਼ੈਬਰ ਰਾਹੀਂ ਹਮਲਾਵਰਾਂ ਦਾ ਪਹਿਲਾ ਸ਼ਿਕਾਰ ਬਣਦੇ ਸਨ, ਇਕ ਤਕੜੀ ਲੜਾਕੀ ਕੌਮ ਵਿਚ ਬਦਲ ਦਿੱਤਾ। ਇਸ ਦੇ ਨਾਲ ਹੀ ਉਨ੍ਹਾਂ ਨੇ ਪੰਜਾਬੀਆਂ ਨੂੰ ਕੇਵਲ ਆਪਣੇ ਲਈ ਹੀ ਨਹੀਂ, ਸਗੋਂ ਸੁਆਰਥਹੀਨ ਹੋ ਕੇ ਸਾਰੇ ਭਾਰਤ ਲਈ ਜੀਣ ਦਾ ਉਪਦੇਸ਼ ਦਿੱਤਾ। ਗੁਰੂ ਨਾਨਕ ਦੇ ਸਭ ਤੋਂ ਪਿਆਰੇ ਨਾਮ-ਲੇਵਾ ਸਿੱਖ ਸਦਾ ਇਸੇ ਆਦਰਸ਼ ਤੇ ਚਲਦੇ ਰਹੇ ਹਨ।

ਧੰਨਵਾਦ ਸਹਿਤ : **ਇਤਿਹਾਸ ਦੀ ਪੈੜ** ’ਚੋਂ

✧ ✧ ✧ ✧ ✧

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)




# ਸ੍ਰੀ ਗੁਰੂ ਨਾਨਕ ਦੇਵ ਜੀ ਦੀ ਤਾਲੀਮ

**2.**

ਇਕ ਦਿਨ ਆਪ ਇਕ ਟਿਕਾਣੇ ਬ੍ਰਿੱਛਾਂ ਦੇ ਛਾਵੇਂ ਬੈਠੇ ਸਨ ਕਿ ਮੋਟਰ ਦੇ ਧੂਤੇ ਦੀ ਆਵਾਜ਼ ਆਈ। ਥੋੜੇ ਚਿਰ ਬਾਦ ਮੋਟਰ ਗਾਰਡ ਦੇ ਘਰ ਕੋਲ ਖਲੋ ਗਈ, ਵਿਚੋਂ ਉਹੀ ਅਫਸਰ ਜੀ ਨਿਕਲੇ, ਗਾਰਡ ਸਿਖ ਸੀ, ਬਾਹਰ ਆਕੇ ਓਸਨੇ ਅਫਸਰ ਦਾ ਸਤਿਕਾਰ ਕੀਤਾ। ਉਸਨੇ ਪੁਛਿਆ, ਤੁਮ ਸੀਖ ਹੋ, ਗਾਰਡ ਨੇ ਕਿਹਾ, ਹਾਂ ਜਨਾਬ। ਸਾਹਿਬ ਨੇ ਪੁਛਿਆ, ਇਧਰ ਕੋਈ ਸੀਖ ਸਾਧੂ ਆਇਆ ਹੈ?

**ਗਾਰਡ–** ਹਾਂ ਜਨਾਬ।

**ਸਾਹਿਬ–** ਉਸਕਾ ਕਿਆ ਨਾਮ?

**ਗਾਰਡ ਨੇ ਕਿਹਾ–** ਨਾਮ .....ਹਾਂ.....ਨਾਮ ਹੈ ਬਿਮਲਾ ਸਿੰਘ।

**ਸਾਹਿਬ–** ਇਧਰ ਕਭੀ ਆਯਾ?

**ਗਾਰਡ–** ਹਾਂ ਜੀ, ਓਹ ਇਥੇ ਹੀ ਹਨ, ਦਿਨੇ ਬਨ ਵਿਚ ਸਮਾਧੀ ਲਾਉਂਦੇ ਹਨ, ਤੇ ਰਾਤ ਮੇਰੀ ਕੁਟੀਆ ਵਿਚ ਆ ਜਾਂਦੇ ਹਨ।

**ਸਾਹਿਬ ਨੇ ਕਿਹਾ–** ਅਬ ਕਹਾਂ ਹੈ?

ਗਾਰਡ ਨੇ ਇਕ ਸੰਘਣੇ ਬ੍ਰਿੱਛਾਂ ਹੇਠ ਲੁਕੇ ਟਿੱਲੇ ਵਲ ਇਸ਼ਾਰਾ ਕੀਤਾ ਤੇ ਕਿਹਾ ਕਿ ਉਸ ਥਾਂਵੇਂ ਬੈਠੇ ਹਨ।

**ਸਾਹਿਬ ਨੇ ਕਿਹਾ–** ਚਲੋ ਰਸਤਾ ਦਿਖਾਓ। ਗਾਰਡ ਪਹਿਲੇ ਝਿਜਕਿਆ ਕਿ ਮਤੇ ਸੰਤ ਜੀ ਗੁੱਸੇ ਹੋਣ ਕਿ ਸਾਡਾ ਥਹੁ ਕਿਉਂ ਦਿਤਾ, ਯਾ ਇਸਨੇ ਹੀ ਕੋਈ ਖੇਚਲ ਦੇਣੀ ਹੋਵੇ ਤਾਂ ਮੈਂ ਖਾਹ ਮਖਾਹ ਪਤਾ ਦੇ ਦਿੱਤਾ। ਅਫਸਰ ਤਾੜ ਗਿਆ ਕਿ ਇਹ ਡਰ ਕਰਕੇ ਝਿਜਕ ਰਿਹਾ ਹੈ, ਆਖਣ ਲੱਗਾ ਡਰੋ ਮਤ, ਸੰਤ ਹਮ ਕੋ ਜਾਨਤੇ ਹੈਂ, ਵੁਹ ਹਮਾਰੇ ਦੋਸਤ ਹੈ। ਇਹ ਸੁਣਕੇ ਗਾਰਡ ਤਸੱਲੀ ਨਾਲ ਟੁਰ ਪਿਆ ਤੇ ਮਗਰੇ ਮਗਰ ਸਾਹਿਬ ਸੀ। ਟਿੱਲੇ ਉਤੇ ਸੰਘਣੀ ਛਾਵੇਂ ਆਪ ਪਦਮਾਸਨ ਬੈਠੇ ਸਨ, ਪੈਖੜ ਸੁਣਕੇ ਨੇਤ੍ਰ ਖੁਲ੍ਹੇ ਤੇ ਫੇਰ ਪਛਾਣ ਲਿਆ ਕਿ ਕੌਣ ਆ ਰਿਹਾ ਹੈ। ਪਰਸਪਰ ਸਤਿਕਾਰ ਨਾਲ ਮਿਲੇ। ਫਿਰ ਅਫਸਰ ਨੇ ਕਿਹਾ, ਸੰਤ ਜੀ! ਮੈਂ ਸੁਣਿਆ ਸੀ ਕਿ ਆਪ ਇਸੇ ਬਣ ਵਿਚ ਟੁਰ ਫਿਰ ਰਹੇ ਹੋ, ਮੈਨੂੰ ਫਿਕਰ ਹੋਇਆ ਕਿ ਰਾਤ ਨੂੰ ਗੁਲਦਾਰ ਨਿਕਲ ਪੈਂਦੇ ਹਨ ਤੇ ਕਿਤੇ ਆਪ ਕਿਸੇ ਖੇਚਲ ਵਿਚ ਨਾ ਪੈ ਜਾਓ। ਮੈਂ ਤਲਾਸ਼ ਕਰਾਈ, ਪਤਾ ਚਲਣ ਤੇ ਅੱਜ ਆਪ ਨੂੰ ਲੱਭ ਲਿਆ ਹੈ। ਆਪ ਹੁਣ ਏਥੇ ਟਿਕੋਗੇ ਕਿ ਅੱਗੇ ਜਾਣਾ ਹੈ?

**ਸੰਤ–** ਮੈਂ ਹਰਿਦੁਆਰ ਜਾਣਾ ਹੈ। ਸਨੇ ਸਨੇ ਸਫਰ ਤੇ ਟਿਕਾਉ ਨਿਭ ਰਹੇ ਹਨ। ਬਨ ਸੁਹਾਵਣਾ ਹੈ, ਪਰ ਆਸਰਾ ਕੋਈ ਨਹੀਂ। ਆਪਦੇ ਮਹਿਕਮੇ ਦੇ ਗਾਰਡਾਂ ਆਦਿਕਾਂ ਦੇ ਆਸਰੇ ਰਾਤ-ਕਟੀ ਹੋ ਜਾਂਦੀ ਹੈ, ਦਿਨ-ਕਟੀ ਬ੍ਰਿੱਛ ਕਰਾ ਦੇਂਦੇ ਹਨ।

**ਅਫਸਰ–** ਜੇ ਆਪ ਮਨਜ਼ੂਰ ਕਰੋ ਤਾਂ ਮੇਰਾ ਇਕ ਵਿਚਾਰ ਹੈ: ਆਪ ਮੇਰੇ ਨਾਲ ਚੱਲ ਪਓ। ਮੋਤੀ ਚੂਰ ਦਾ ਬਨ ਚਲ ਦੇਖੋ, ਫੇਰ ਡਾਕ ਬੰਗਲੇ ਆਪ ਦਾ ਡੇਰਾ ਕਰਾ ਦਿਆਂਗਾ, ਉਥੋਂ ਹਰਿਦੁਆਰ ਚਾਰ ਪੰਜ ਕੁ ਮੀਲ ਹੈ। ਆਪ ਬਨ ਵਿਚ ਰਹਿ ਬੀ ਸਕੋਗੇ, ਹਰਿਦੁਆਰ ਵੀ ਜਾ ਆ ਸਕੋਗੇ ਤੇ ਰਾਤ ਨੂੰ ਬਨ ਪਸੂਆਂ ਦਾ ਭੈ ਬੀ ਨਹੀਂ ਹੋਵੇਗਾ ਤੇ ਉਂਞ ਉਨ੍ਹਾਂ ਦੇ ਦਰਸ਼ਨ ਦਿਦਾਰੇ ਬੀ ਰਾਤਾਂ ਨੂੰ ਕਈ ਵੇਰ ਹੋ ਜਾਣਗੇ। ਅੰਨ ਪਾਣੀ ਦਾ ਪ੍ਰਬੰਧ ਬੀ ਉਥੇ ਹੈ। ਸਾਡੇ ਮਤ ਦੇ ਇਕ ਤਤਿਖਜੂ ਉਥੇ ਟਿਕੇ ਹੋਏ ਹਨ, ਆਪ ਨੂੰ ਹਰ ਮਤ ਨਾਲ ਪਿਆਰ ਹੈ, ਸੋ ਦੋਹਾਂ ਦਾ ਸਤਿਸੰਗ ਰਹੇਗਾ, ਮੈਂ ਬੀ ਕੁਛ ਦਿਨ ਲਾਹਾ ਲੈ ਸਕਾਂਗਾ। ਆਪ ਦੀ ਇਹ ਗਲ ਮੇਰੇ ਬੜੀ ਦਿਲ ਲਗੀ ਹੈ ਕਿ ਨਫਰਤ ਇਨਸਾਨੀ ਗੁਣ ਨਹੀਂ ਹੈ। ਸੰਤ ਸੁਣਕੇ ਮੁਸਕ੍ਰਾਏ ਤੇ ਹੌਲੇ ਜਿਹੇ ਬੋਲੇ-"ਜਿਥੈ ਰਖਹਿ ਬੈਕੁੰਠੁ ਤਿਥਾਈ ਤੂੰ ਸਭਨਾ ਕੇ ਪ੍ਰਤਿਪਾਲਾ ਜੀਉ॥" ਫੇਰ ਸੱਤ ਬਚਨ ਆਖ ਕੇ ਹੇਠਾਂ ਉਤਰੇ ਤੇ ਮੋਟਰ ਵਿਚ ਬੈਠ ਗਏ। ਗਾਰਡ ਨੇ ਲੋਆ ਕਛਹਿਰਾ ਤੇ ਚਿਪੀ ਲਿਆ ਦਿਤੀ ਤੇ ਆਪ ਕੁਛ ਦੇਰ ਬਾਦ ਡਾਕ ਬੰਗਲੇ ਅਪੜ ਗਏ। ਕਮਰੇ ਇਕ ਸੁੱਛ ਵਿਚ ਪਲੰਘ ਲਗਾ ਸੀ, ਦੋ ਤ੍ਰੈ ਕੁਰਸੀਆਂ ਪਈਆਂ ਸਨ, ਸੰਤਾਂ ਜੋਗ ਇਹ ਕਮਰਾ ਮਿਲ ਗਿਆ, ਆਪ ਅਫਸਰ ਜੀ ਨੇ ਇਕ ਹੋਰ ਕਮਰੇ ਵਿਚ ਡੇਰਾ ਕਰ ਲਿਆ। ਇਕ ਕਮਰੇ ਵਿਚ ਅੱਗੇ ਇਕ ਤਤਿਖਜੂ ਸਾਧੂ ਉਤਰੇ ਹੋਏ ਸਨ, ਜਿਨ੍ਹਾਂ ਦਾ ਨਾਉਂ ਰੈਵਰੈਂਡ 'ਡਜੂ-ਸ਼ੋਜ਼ਾ' ਕਰਕੇ ਸੱਦਦੇ ਸਨ। ਸੰਤਾਂ ਦਾ ਪ੍ਰਸਾਦ ਪਾਣੀ ਬੰਗਲੇ ਦੇ ਚੌਕੀਦਾਰ ਦੇ ਸਪੁਰਦ ਹੋਇਆ ਜੋ ਗੜ੍ਹਵਾਲੀਆ ਸੀ ਤੇ ਅਫਸਰ ਦਾ ਆਪਣਾ ਤੇ ਡਜੂਸ਼ੋਜ਼ਾ ਦਾ ਅੰਨ ਪਾਣੀ ਗੋਆ ਦੇ ਪਾਸੇ ਦਾ ਇਕ ਬਾਵਰਚੀ ਕਰਦਾ ਸੀ, ਜੋ ਅਗੇ ਹੀ ਓਥੇ ਘੱਲਿਆ ਹੋਇਆ ਸੀ।

ਇਕ-ਦੋ ਦਿਨ ਤਾਂ ਇਧਰ ਉਧਰ ਸੈਰ ਆਦਿ ਵਿਚ ਬੀਤੇ। ਹਰਿਦੁਆਰ, ਰਿਖੀਕੇਸ਼, ਲਛਮਨ ਝੂਲੇ ਤਕ ਮੋਟਰ ਵਿਚ ਸੈਰ ਕਰ ਆਏ। ਤੀਏ ਕੁ ਦਿਨ ਲੌਢੇ ਪਹਿਰ ਤ੍ਰੈਏ ਬਾਹਰ ਆ ਬੈਠੇ ਤਾ ਸੰਤਾਂ ਨੇ ਡਿੱਠਾ ਕਿ ਡਯੂਸ਼ੋਜ਼ਾ ਦੇ ਪੈਰ ਤੇ ਪੱਟੀ ਬੱਧੀ ਹੈ ਤੇ ਸੰਤ ਜੀ ਨੇ ਪੁਛਿਆ, ਸਤਿਕਾਰ ਯੋਗ ਜੀਓ! ਕਲ ਤਾਂ ਆਪ ਦੇ ਪੈਰ ਤੇ ਖ੍ਰੀਂਡ ਬੱਝਾ ਹੋਇਆ ਸੀ ਤੇ ਅਜ ਪੱਟੀ ਬੱਝੀ ਹੋਈ ਹੈ? ਕੀ ਜ਼ਖਮ ਤੇ ਮੁੜ ਸੱਟ ਲੱਗ ਗਈ ਹੈ। ਡਯੂਸ਼ੋਜ਼ਾ ਹੱਸ ਪਿਆ ਤੇ ਆਖਣ ਲੱਗਾ, ਮੈਂ ਆਪ ਰਾਜ਼ੀ ਹੋਏ ਨੂੰ ਮੁੜਕੇ ਜ਼ਖਮ ਬਣਾ ਲਿਆ ਹੈ।

**ਸੰਤ ਜੀ–** ਕਿਉਂ ਜੀਓ ਜੀ!

**ਡਜੂਸ਼ੋਜ਼ਾ–** ਇਸ ਲਈ ਕਿ ਜਦੋਂ ਇਹ ਜ਼ਖਮ ਦਰਦ ਕਰਦਾ ਸੀ, ਪ੍ਰੇਅਰ (ਅਰਦਾਸ) ਵਿਚ ਦਿਲ ਡੂੰਘਾ ਜਾਕੇ ਜੁੜਦਾ ਸੀ, ਹੁਣ ਜਦ ਪੀੜ ਤੋਂ ਖਾਲੀ ਹੋ ਗਿਆ ਹੈ ਤਾਂ ਦਿਲ, ਪ੍ਰੇਅਰ ਦੇ ਡੂੰਘਾਣ ਵਿਚ ਜਾਣੋਂ ਅੜ ਖੜੋਂਦਾ ਹੈ। ਮੈਂ ਕਿਹਾ, ਇਸ ਤਨ ਨੂੰ ਦੰਡ ਦੇਣਾ ਤੇ ਦੰਡਿਤ ਰੱਖਣਾ ਹੀ ਚੰਗਾ ਹੈ ਜੋ ਮਨ ਪੀੜ ਵਿਚ ਰੁੱਝਕੇ ਅਵੈੜ-ਪੁਣੇ ਵਲ ਨਹੀਂ ਜਾਂਦਾ ਤੇ ਅਰਦਾਸ ਵਿਚ ਡੂੰਘਾ ਜੁੜਦਾ ਹੈ।

ਸੰਤ ਸੋਚੀਂ ਪੈ ਗਏ। ਫੇਰ ਆਪ ਸਿਰ ਫੇਰ ਫੇਕ ਕੇ ਸੁਰ ਨਾਲ ਬੋਲੇ- ਸਚ! "ਕਬੀਰ ਕਾਮ ਪਰੇ ਹਰਿ ਸਿਮਰੀਐ ਐਸਾ ਸਿਮਰਹੁ ਨਿਤ॥ ਅਮਰਾ ਪੁਰ ਬਾਸਾ ਕਰਹੁ ਹਰਿ ਗਇਆ ਬਹੋਰੈ ਬਿਤਿ॥" (੧੩੭੩)

**ਅਫਸਰ–** ਆਪ ਨੇ ਜੋ ਕੁਛ ਗਾਂਵਿਆ ਹੈ ਇਸਦਾ ਕੀ ਭਾਵ ਹੈ?

**ਸੰਤ–** ਜਦੋਂ ਕੋਈ ਡਾਢੀ ਲੋੜ ਦੀ ਗਰਜ਼ ਪੈਦਾ ਹੋ ਜਾਏ ਤਾਂ ਮਨ ਅਰਦਾਸ ਵਿਚ ਯਾ ਰੱਬ ਜੀ ਦੀ ਯਾਦ ਵਿਚ ਡੂੰਘਾ ਜਾ ਕੇ ਜੁੜਦਾ ਹੈ, ਜੋ ਸਦੀਵ ਕਾਲ ਅਰਥਾਤ ਸੁਖ ਦੁਖ ਦੋਹਾਂ ਹਾਲਤਾਂ ਵਿਚ ਇਕੋ ਜਿਹਾ ਇਕਾਗਰ ਹੋਕੇ ਲੱਗੇ ਤਾਂ ਜੀਵ ਪਰਮ ਪਦ ਨੂੰ ਪਹੁੰਚ ਜਾਵੇ।

**ਡਜੂਸ਼ੋਜ਼ਾ–** ਫਿਰ ਮੈਂ ਠੀਕ ਕੀਤਾ ਹੈ?

**ਸੰਤ–** ਮੈਂ ਆਪ ਦੇ ਮਤ ਦਾ ਬਹੁਤ ਜਾਣੂ ਨਹੀਂ। ਆਪ ਦੇ ਅਕੀਦੇ ਦੇ ਮੂਜਬ ਠੀਕ ਬੀ ਹੋਸੀ, ਪਰ ਮੈਂ ਜੋ ਕੁਛ ਪੜ੍ਹਿਆ ਹੈ, ਉਹ ਮੇਰੇ ਧਰਮ ਪੁਸਤਕ ਵਿਚੋਂ ਹੈ ਜਿਸ ਨੂੰ ਅਸੀਂ ਗੁਰੂ ਕਰਕੇ ਮੰਨਦੇ ਹਾਂ। ਉਸਦਾ ਮਤਲਬ ਥੋੜ੍ਹਾ ਹੋਰਵੇਂ ਹੈ। ਉਹ ਐਉਂ ਹੈ ਕਿ ਲੋੜ ਸਮੇਂ ਯਾ ਦੁਖ ਸਮੇਂ ਮਨ ਗ਼ਰਜ਼ੀ ਹੁੰਦਾ ਹੈ, ਗ਼ਰਜ਼ੀ ਮਨ ਜਿਵੇਂ ਡੂੰਘਾ ਹੋ ਕੇ ਰੱਬ ਸਾਂਈਂ ਨੂੰ ਯਾਦ ਕਰਦਾ ਹੈ, ਉਸਨੂੰ ਆਦਰਸ਼ ਬਣਾ ਲਓ ਜੁੜਨੇ ਦਾ ਤੇ ਜਦੋਂ ਸੁਖ ਵਿਚ ਕਿ ਸਾਧਾਰਨ ਹਾਲਤ ਵਿਚ ਹੋਵੋ ਤਾਂ ਮਨ ਨੂੰ ਉਸ ਤਰ੍ਹਾਂ ਦਾ ਜੋੜੋ ਕਿ ਜਿਸ ਤਰ੍ਹਾਂ ਦਾ ਦੁਖ ਵੇਲੇ ਦੁਖ ਦੂਰ ਕਰਨ ਦੀ ਗ਼ਰਜ਼ ਲਈ ਜੁੜਦਾ ਸੀ। ਇਸ ਵਾਕ ਵਿਚ ਸਰੀਰ ਨੂੰ ਆਪੇ ਦੁਖੀ ਕਰਨ ਦਾ ਉਪਦੇਸ਼ ਨਹੀਂ ਹੈ।

**ਡਜੂਸ਼ੋਜ਼ਾ–** ਪਰ ਦੁਖ ਵੇਲੇ ਜੁੜਦਾ ਹੈ ਨਾਂ ਬਹੁਤ ਕਰਕੇ?

**ਸੰਤ–** ਸਭਨਾਂ ਦਾ ਨਹੀਂ, ਕੇਵਲ ਉਹਨਾਂ ਦਾ ਜੋ ਵਾਹਿਗੁਰੂ ਜੀ ਦੇ ਰਾਹ ਤੇ ਤੁਰਨੇ ਵਾਲੇ ਹਨ। ਸਾਂਈਂ ਤੋਂ ਭੁੱਲੇ ਹੋਏ ਲੋਕ ਤਾਂ ਸਗੋਂ ਦੁਖ ਵੇਲੇ ਰੋਂਦੇ ਕੁਰਲਾਉਂਦੇ ਹਨ; ਅਰਦਾਸਾਂ ਵਿਚ ਨਹੀਂ ਜੁੜਦੇ। ਉਹ ਤਾਂ ਸਗੋਂ ਸਾਂਈਂ ਦੀ ਯਾਦ ਕਿ ਅਰਦਾਸ ਵਿਚ ਜੁੜਨ ਦੀ ਥਾਵੇਂ ਘਬਰਾ, ਖਿੰਡਾਉ ਤੇ ਵਧੇਰੇ ਉਦਾਸੀ ਵਿਚ ਜਾਂਦੇ ਹਨ। ਪਰ ਜੋ ਰੱਬ ਜੀ ਦੇ ਪਜਾਰ ਵਾਲੇ ਹਨ ਓਹ ਨਾਂ ਦੁਖ ਮੰਗਦੇ ਹਨ ਨਾ ਦੁਖ ਸਹੇੜਦੇ ਹਨ, ਨਾਂ ਦੁਖ ਆਇਆਂ ਤੇ ਨਾਂ-ਸ਼ੁਕਰੀ ਵਿਚ ਪੈਂਦੇ ਹਨ। ਦੁਖ ਆਪੇ ਆਵੇ ਤਾਂ ਉਸਨੂੰ ਦਾਰੂ ਸਮਝਦੇ ਹਨ। ਗੁਰੂ ਨਾਨਕ ਦੇਵ ਜੀ ਨੇ ਫੁਰਮਾਯਾ ਹੈ :- "ਦੁਖੁ ਦਾਰੂ ਸੁਖੁ ਰੋਗੁ ਭਇਆ...॥"

ਸੁਖ ਵਿਚ ਰਬ ਵਿਸਰਦਾ ਹੈ, ਦੁਖ ਵਿਚ ਯਾਦ ਆਉਂਦਾ ਹੈ। ਪਰ ਦੁਖ ਸੁਖ ਨੂੰ ਮੰਗਣਾ ਕਿ ਤ੍ਰਿਸਕਾਰਨਾ ਨਹੀਂ ਸਿਖਾਇਆ। ਸਾਡੇ ਧਰਮ ਪੁਸਤਕ ਵਿਚ ਲਿਖਿਆ ਹੈ ਕਿ ਦੁਖ ਸੁਖ ਦੋਹਾਂ ਨੂੰ ਐਉਂ ਦੇਖੋ ਜਿਵੇਂ ਕਪੜੇ ਬਦਲੀਦੇ ਹਨ। "ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ॥"

**ਅਫਸਰ–** ਇਸਦਾ ਕੀ ਮਤਲਬ?

**ਸੰਤ–** ਮਤਲਬ ਹੈ ਕਿ ਦੁਹਾਂ ਨੂੰ ਸਮ ਕਰਕੇ ਜਾਣੋ।

**ਡਜੂਸ਼ੋਜ਼ਾ–** ਪਰ ਸੰਤ ਜੀ, ਇਹ ਸਰੀਰ ਪਸ਼ੂ ਹੈ, ਮਨ ਦੀਆਂ ਰੁਚੀਆਂ ਪਸ਼ੂ ਹਨ। ਸਰੀਰ ਦੁਖੀ ਰਹੇ ਤਾਂ ਇਹ ਰੁਚੀਆਂ ਵੱਸ ਵਿਚ ਰਹਿੰਦੀਆਂ ਹਨ ਤੇ ਸਰੀਰ ਮਾੜੇ ਪਾਸੇ ਵੱਲ ਨਹੀਂ ਖਿੱਚੀਂਦਾ।

**ਸੰਤ–** ਇਹ ਠੀਕ ਹੈ। ਪਰ ਜੇ ਆਪੂੰ ਸਰੀਰ ਨੂੰ ਦੁਖੀ ਕਰਕੇ ਮਨ ਨੂੰ ਹੋੜਿਆ ਤਾਂ ਮਨ ਤੇ ਆਪਣੀ ਅੰਦਰਲੀ ਇਛਾ ਸ਼ਕਤੀ ਦਾ ਬਲ ਤਾਂ ਨਾ ਪਿਆ। ਉਹ ਤਾਂ ਪਸ਼ੂ ਨੂੰ ਵੱਸ ਕਰਨ ਦੀ ਤਰ੍ਹਾਂ ਸੋਟੇ ਦੀ ਲੋੜ ਸਦਾ ਲਈ ਬਣਾ ਲਈ। ਚਾਹੀਦਾ ਇਹ ਸੀ ਕਿ ਮਨ ਉਤੇ ਮਨ ਦੀ ਪ੍ਰਬਲ ਇੱਛਾ ਦਾ ਬਲ ਪਵੇ ਤੇ ਓਹ ਮਾੜੀਆਂ ਰੁਚੀਆਂ ਦੇ ਫੁਰਨੇ ਵਿਚ ਨਾਂ ਜਾਵੇ, ਜੇ ਜਾਵੇ ਤਾਂ ਉਹੀ ਸ਼ਕਤੀ ਉਸਨੂੰ ਹੋੜਕੇ ਮੋੜ ਲਿਆਵੇ।

**ਡਜੂਸ਼ੋਜ਼ਾ–** ਪਰ ਕੀਹ ਤੁਸੀਂ ਤਪ ਹਠ ਦਾ ਕੁਛ ਲਾਭ ਨਹੀਂ ਸਮਝਦੇ?

**ਸੰਤ–** ਮੈਂ ਤਪ ਹਠ ਦਾ ਕਾਇਲ ਹਾਂ। ਪਰ ਉਹ ਕਈ ਤਰ੍ਹਾਂ ਦਾ ਹੈ। ਜੋ ਤਪ ਹਠ ਦਿਖਾਵੇ ਲਈ ਕੀਤਾ ਜਾਵੇ ਉਸ ਨਾਲੋਂ ਵਪਾਰ ਕਰਨਾ ਭਲਾ ਹੈ। ਜੋ ਤਪ ਹਠ ਦੇਹੀ ਨੂੰ ਨਿਰਾ ਦੁਖ ਦੇਣ ਲਈ ਕੀਤਾ ਜਾਵੇ ਉਸਦਾ ਫਲ ਦੇਹ ਨੂੰ ਨਿਤਾਣੇ ਕਰਨਾ ਹੈ, ਨਿਤਾਣੀ ਦੇਹ ਫੇਰ ਤਪ ਹਠ ਨਹੀਂ ਕਰ ਸਕਦੀ, ਜੋ ਤਪ ਹਠ ਮਨ ਨੂੰ ਸੋਧਣ ਲਈ ਕੀਤਾ ਜਾਵੇ ਉਹ ਠੀਕ ਹੈ। ਪਰ ਉਹ ਦੋ ਪ੍ਰਕਾਰ ਦਾ ਹੈ। ਇਕ ਸਰੀਰ ਨੂੰ ਖੇਚਲਾਂ ਵਿਚ ਪਾਕੇ ਸਰੀਰ ਨੂੰ ਥਕਾਉਣਾ ਤੇ ਮਨ ਅਕਾਉਣਾ। ਦੂਜੇ ਹੈ ਹਠ ਧਾਰਕੇ ਮਨ ਦੀ 'ਇਛਾ ਸ਼ਕਤੀ' ਨੂੰ ਪ੍ਰਬਲ ਕਰਨਾ ਤੇ ਮਨ ਦੀਆਂ ਵਾਸ਼ਨਾਂ ਨੂੰ ਉਸਦੇ ਵਸੀਕਾਰ ਵਿਚ ਕਰ ਲੈਣਾ। ਭਾਵ-ਆਪਣੇ ਮਨ ਦੇ ਬਲ ਨਾਲ ਮਨ ਨੂੰ ਜਿੱਤ ਲੈਣਾ।


**(ਲੇਖ ਦਾ ਬਾਕੀ ਹਿੱਸਾ ਅਗਲੇ ਅੰਕ 'ਚ)**

# Light Merges with Light

❖ **Dharam Singh**

Guru Nanak cast off his mortal frame at Kartarpur on Assu *vadi* 10, 1596 Bikrami/7 September 1539. Summing up the personality and vision of the Guru, the *Encyclopaedia of Sikhism* says: “Guru Nanak was not an impersonal oracle of revelation whose precepts expressed an abstract truth. He was the embodiment of this truth. His actions interpreted his words, and his words his actions.” Before his demise, the Guru appointed a successor to assure the community of his disciples a continuing witness to his teachings. This succession was not necessarily dynastic, and he not only transmitted his responsibilities but also his light to the successor whom he renamed (Guru) Angad or a part of his own *ang* or limbs. Bhai Gurdas says that the Guru ‘turned himself into Angad by transferring his light unto him’ and in this way the same light descended to the successive succeeding Gurus. Guru Gobind Singh, in his autobiographical *Bachitra Natak*, also says that ‘Nanak assumed the body of Angad…Afterwards Nanak was called Amar Das as one lamp is lit from another…’ Thus, all the ten Gurus of the Sikh faith are acknowledged and revered as having the same light, as one in spirit though different in body.

It will be pertinent to clarify here that in the Sikh tradition the Guru as a person is neither God nor God’s incarnation. The idea of divine incarnation has been strongly rejected by Guru Nanak who calls himself the ‘lowliest amongst the lowly’ and a *shair* or balladeer eulogizing the Divine. The Sikh tradition accepts Guru Nanak as also the succeeding Gurus to be perfectly realized souls whom God selected as His instruments to communicate His Word to humankind in general. It is through them that God’s Word enters human history because it is through them that God’s word is revealed. In other words, the Guru is the voice of God, God’s self-revelation. The Guru’s body has been taken as the repository of the Light Divine, a medium for the articulation of the divine Word as it came from God. So the body of the Guru is worthy of reverence but what deserves a devotee’s worship is the Word. That is why in Sikhism, the Guru is an object of veneration and not a deity to worship. The historical Guru was the focal point of the congregations and the living example of the truth he happened to bring to light through divine revelation. The Guru received the divine message, articulated it and communicated it to mankind in mundane language. He himself lived up to the message he imparted to others. Thus, the Guru’s body is a very important object of our reverence but of real importance is the Word coming through him. He is, no doubt, a vital link in man’s spiritual progress, but he is only the exemplar and guide: he does not act as an intercessor and, as such, does not take the disciple to a higher stage of spirituality as if on crutches or through miracle. Man must tread the path himself.



**Gurdwara Kartarpur Sahib, Pakistan**

In various hymns in the Sikh scripture, the Guru and the *Sabda* (Word) are juxtaposed: they have been used synonymously and also as one word, i.e. *sabda-guru*. The *Sabda* here stands for the message or revelation as it came to the Guru direct from God. The *Sabda* is thus God’s voice which is received by the Guru and then articulated and communicated in mundane language for the benefit of humankind. Thus, the *Sabda* originally belongs

to God and the Guru is only the instrument or the vehicle through which it is articulated and reaches the humankind. Since the Word as communicated by the Guru and as contained in the scripture is divine, the Sikh tradition sometimes identifies God (the source of *Sabda* or revelation) with the *Sabda* (the divine message) and the Guru (the instrument used by the Divine to communicate that message to humankind). However, this identification of the Guru with God is not the identification of the person of the Guru with God, but Guru conceived as *Sabda* as revealed by Him.

A shrine was built at Kartarpur, on the bank of the Ravi, soon after Guru Nanak's demise to mark his memory. As we know, the teachings of the Guru had a universal appeal and people transcending all sectarian boundaries accepted his discipleship. According to a legend, there were some persons among his disciples who wanted to cremate his body as per the Hindu custom and some others wanted to bury it as per the Muslim custom. However, the Guru's message was to follow the spirit and not the form and, as goes the story, the contending parties ultimately found only some flowers in place of the Guru's body. The original memorial was washed away by floods in the Ravi, and the present Gurdwara Darbar Sahib was got erected by Maharaja Ranjit Singh (1780-1839) and later on Maharaja Bhupindar Singh of Patiala donated a sum of Rs. One lac fifty thousand and six hundred to renovate the building and also to "protect this sacred shrine from the threatening ravages of the River". The present scion of the Patiala State and grandson of Maharaja Bhupindar Singh, Amarinder Singh had offered a golden palanquin when he visited the place to pay obeisance in 2005. The shrine is just about three kilometers inside the Pakistani territory and can be seen from Dera Baba Nanak on the Indian side. However, Guru Nanak is not merely a figure of the past to be recalled by historical recollections. The story of his life is central to the Sikh religion and is to be made known by careful historical analysis. Both historical scholarship and devotion bear witness to Guru Nanak.

Courtesy : *Guru Nanak : Contemporary Concerns and Response*

✧ ✧ ✧ ✧ ✧

## SHRI KALU KHATRI

This Kalu is not the renowned Kalyan Chand Mehta who was the father of the true Guru. This was another Kalu Khatri, a disciple of the Guru.

He came and fell at the Guru's feet. He was impressed to see the holy congregation. He listened to the words. He listened to the divine songs and the recitation of the Holy Scripture.

Then, one day, he asked: Your Holiness, in this congregation who is considered as religious and who is considered as disregardful?

The Guru said: One who goes by the Guru's advice, listens to the divine scripture and recites the Lord's name and imbibes love of the Lord in himself is a religious person. Such a person will keep himself away from evil deeds and remain pious.

The person who does the opposite is irreligious.

Kalu: Your Holiness, how does a person become irreligious or religious and pious.

Then, the Guru said: Everybody wishes that he should have all the comforts of the world. In this thinking, he becomes envious of other people who are in more of comfort and becomes irreligious. Other people are not strangers. They are friends. They are brothers. All are Lord's children. The Lord is our father and mother. So, by having a brotherly feeling for everybody one remains in the remembrance of the Lord whose name he recites.

The comfort of a friend is one's own comfort. Then, he will give comfort to others.

In the same way, to hate those who are poor and needy is being irreligious. Religiousness is to think those as younger brothers and be kind to them and help them. This is service to the Lord because all are his children.

Then, if somebody has more wealth or more prestige, one should not try to race with him but one should feel happy as if he is an elder brother. That is religiousness.

In the same way, when you meet a person who is hostile and behaves like an adversary and is not ready to compromise or listen to you, then, do not have hatred in your mind nor speak ill against him. Keep yourself away from him and treat him as a stranger. In this way, you will remain religious.

Kalu imbibed these good qualities in his mind and recited the Lord's name. He got salvation.

Many more people became religious in his company.

*-Sri Guru Nanak Chamatkar, Part-2*

## ਖਾਲਸਾ ਸਮਾਚਾਰ ੧੦੦ ਸਾਲ ਪਹਿਲਾਂ

**ਹਫ਼ਤਾਵਾਰ ਪੰਜਾਬੀ ਪਰਚਾ**

**16 ਸਤੰਬਰ, 1920**

## ਇੱਕ ਨਵਾਂ ਸਕੂਲ

ਭਲਾ ਜੇ ਕਿਤੇ ਕਿਸੇ ਡੇਰੇ ਦੋ ਚਾਰ ਮੁੰਡੇ ਪੜ੍ਹਦੇ ਭੀ ਹਨ ਤਦ ਅਨਪੜ੍ਹ ਫਕੀਰਾਂ ਦੇ ਅਧੀਨ ਹਨ ਜੋ ਸਿਵਾਇ ਗੱਜਾ ਕਰੌਨੋਂ, ਭਾਂਡੇ ਮਜੌਨੋ ਕੁਛ ਨਹੀਂ ਦੱਸਦੇ। ਜੋ ਆਮ ਲੋਕਾਂ ਦੀ ਸਰੋਤ ਹੈ ਓਹ ਹੀਰ ਰਾਂਝਾ ਗੌਣ ਵਾਲਿਆਂ ਦੇ ਹੱਥ ਜਿਸਦੀ ਬਦੌਲਤ ਹਜ਼ਾਰਾਂ ਜਵਾਨਾਂ ਦਾ ਚਾਲ ਚਲਨ ਬਰਬਾਦ ਹੋ ਜਾਂਦਾ ਹੈ, ਅੰਤ ਬੇਇਲਮੀ ਦਾ ਅੰਤ ਆ ਗਿਆ ਹੈ। ਪਰ ਸ਼ੁਕਰ ਹੈ ਗੁਰੂ ਪਿਤਾ ਜੀ ਦਾ ਜੋ ਅਤਿ ਔਖੜ ਵੇਲੇ ਸਾਰ ਲੈਂਦੇ ਹਨ। ਪਿੰਡ ਭੱਠਲਾਂ, ਪਰਗਨਾਂ ਤੇ ਡਾਕ ਘਰ ਧਨੌਲਾ, ਰਾਜ ਸਰਕਾਰ ਨਾਭਾ ਵਿਖੇ ਇਕ ਬਿਹੰਗਮੀ ਡੇਰਾ ਹੈ, ਜਿਸ ਵਿਚ ਸਿਵਾਇ ਝੋਲਾ ਉਗ੍ਰਾਹੀ ਹੋਰ ਕੋਈ ਆਮਦਨੀ ਨਹੀਂ, ਇਸਦੇ ਮਹੰਤ ਜੀ ਨੇ ਆਪਣੇ ਗਿਆਨੀ ਭਗਵਾਨ ਸਿੰਘ ਜੀ ਸੁਰਗਵਾਸੀ ਦੇ ਆਸ਼ੇ ਅਨੁਸਾਰ ਧਰਮਸਾਲ ਦੇ ਮਕਾਨ ਵਿਖੇ ਗਿਆਨੀ ਸਕੂਲ ਜਾਰੀ ਕਰਕੇ ਕੁਲ ਧਰਮਸਾਲ ਦਾ ਮਕਾਨ ਜੋ ਕਈ ਸਾਲਾਂ ਦੀ ਲਗਾਤਾਰ ਸੇਵਾ ਕਰਕੇ ਪੱਕਾ ਤੇ ਬਹੁਤ ਖੁਲ੍ਹਾ ਆਪਣੇ ਹੱਥੀਂ ਬਨਾਇਆ ਸੀ, ਸਕੂਲ ਨੂੰ ਹੀ ਅਰਦਾਸ ਕਰ ਦਿੱਤਾ ਅਤੇ ਸਰਕਾਰੀ ਪੜ੍ਹਾਈ ਵੀ ਮਿਡਲ ਤਕ ਰੱਖੀ ਹੈ। ਪਿੰਡਾਂ ਵਲੋਂ, ਮਾਲਵੇ ਵਲੋਂ ਜੋ ਮੱਦਦ ਹੋਨੀ ਹੈ ਉੱਪਰਲੀ ਲਿਖਤ ਤੋਂ ਅਨਮਾਨ ਹੋ ਸਕਦਾ ਹੈ, ਪਰ ਮਹੰਤ ਬਸੰਤ ਸਿੰਘ ਜੀ ਦਾ ਆਸ਼ਾ ਸਿਰਫ ਇਹ ਹੈ ਕਿ ਵਿਦਿਆਰਥੀ ਮਿਲਦੇ ਰਹਿਣ, ਸਕੂਲ ਚਲੌਣਾ ਹਿੰਮਤ ਤੇ ਪੰਥ ਦਰਦੀਆਂ ਨੇ ਹੈ। ਸਭ ਪਿੰਡਾਂ ਵਿਚੋਂ ਸਿਰਫ 2॥) ਮਹੀਨਾ ਭਾਈ ਹੀਰਾ ਸਿੰਘ ਜੀ ਭਠਲਾਂ ਨਵਾਸੀ ਨੇ ਹਮੇਸ਼ ਲਈ ਚੰਦਾ ਅਰਦਾਸ ਕੀਤਾ। ਇਕ ਬਿਹੰਗਮ ਪੰਥ ਪਿਆਰੇ ਵਲੋਂ ਮੁਲਕ ਮਾਲਵਾ ਵਿਚ ਇਹ ਪਹਲਾ ਸਕੂਲ ਖੁਲ੍ਹਣ ਦੀ ਪੰਥ ਅਤੇ ਮਾਲਵੇ ਨੂੰ ਵਧਾਈ ਹੋਵੇ, ਸਕੂਲ ਸਦੀਵ ਅਟੱਲ ਰਹੇ।

ਦਾਸ— ਅਰਜਨ ਸਿੰਘ ਹਰੀ ਗੀੜ੍ਹੰਆ

## "ਨਾਂ" ਵਿਚ "ਹਾਂ"

ਮਹਾਤਮਾਂ ਗਾਂਧੀ ਅਜ ਕਲ ਨਾਂ-ਮਿਲਵਰਤਣ ਲਈ ਮੁਲਕ ਵਿਚ ਪ੍ਰਚਾਰ ਕਰ ਰਹੇ ਹਨ, ਮਿਸਟਰ ਬਪ ਟਸਟਾ ਨੇ ਕਲਕਤੇ ਕਾਂਗਰਸ ਦੇ ਪੰਡਾਲ ਵਿਚ ਤਕਰੀਰ ਕਰਦੇ ਹੋਏ ਕਿਹਾ ਕਿ ਮਹਾਤਮਾਂ ਜੀ ਮਿਲਵਰਤਣ ਵਿਚ "ਨਾਂ" "ਨਾਂ" ਕੈਂਹਦੇ ਹੋਏ ਵੀ ਕਈ ਮਾਮਲਿਆਂ ਵਿਚ ਗਵਰਨਮੈਂਟ ਨਾਲ ਮਿਲਕੇ ਕੰਮ ਕਰ ਰਹੇ ਹਨ ਤੇ ਕਰਨ ਦਾ ਉਪਦੇਸ਼ ਦੇਂਦੇ ਹਨ। ਨਮੂਨੇ ਵਜੋਂ ਆਪਨੇ ਦਸਿਆ ਕਿ ਮਹਾਤਮਾਂ ਜੀ ਉਪਦੇਸ਼ ਦੇਂਦੇ ਹਨ ਕਿ ਅਮਨ ਭੰਗ ਨਾ ਕਰੋ, ਗਵਰਨਮੈਂਟ ਵੀ ਇਹ ਹੀ ਕੈਂਹਦੀ ਹੈ ਕਿ ਅਮਨ ਭੰਗ ਨਾ ਕਰੋ, ਇਸਤੋਂ ਸਪਸ਼ਟ ਹੈ ਕਿ ਮਹਾਤਮਾਂ ਜੀ ਦੀ "ਨਾਂ" ਵਿਚ ਵੀ "ਹਾਂ" ਹੈ।

## ਚੀਫ ਖ਼ਾਲਸਾ ਦੀਵਾਨ ਵਲੋਂ ਕੋਇਟੇ ਵਿੱਚ ਗੁਰਸਿਖੀ ਦਾ ਅਦੁੱਤੀ ਪ੍ਰਚਾਰ

ਇਹ ਬਿਨੈ ਅਗੇ ਕ੍ਰਿਪਾਲੂ ਪੰਥ ਦੀ ਸੇਵਾ ਵਿਖੇ ਕੀਤੀ ਜਾ ਚੁਕੀ ਹੈ ਕਿ ਚੀਫ ਖ਼ਾਲਸਾ ਦੀਵਾਨ ਵਲੋਂ ਭਾਈ ਭਾਗ ਸਿੰਘ ਜੀ ਹੀਰਾ ਸਿੰਘ ਜੀ ਦੇ ਕੀਰਤਨੀ ਜਥੇ ਦੀ ਅਗਸਤ ਦੇ ਮਹੀਨੇ ਦੀ ਸੇਵਾ ਸਿੰਧ ਬਲੋਚਿਸਤਾਨ ਦੇ ਇਲਾਕੇ ਕੋਇਟੇ ਵਿੱਚ ਪ੍ਰਚਾਰ ਹਿਤ ਨਿਯਤ ਹੋਈ ਸੀ, ਦੀਵਾਨ ਵਲੋਂ ਇਸ ਤਰਾਂ ਸਤਿਗੁਰਾਂ ਦੇ ਪਵਿਤ੍ਰ ਧਰਮ ਤੇ ਗੁਰਬਾਣੀ ਦੇ ਪ੍ਰਚਾਰ ਹਿਤ ਜੋ ਉੱਦਮ ਹੋਯਾ ਹੈ ਉਸ ਸਬੰਧੀ ਕੋਇਟੇ ਦੀ ਸੰਗਤ ਵਲੋਂ ਹੇਠ ਲਿਖੀ ਰੀਪੋਟ ਦੀਵਾਨ ਦੇ ਦਫਤ੍ਰ ਵਿੱਚ ਪੁਜੀ ਹੈ ਜੋ ਸੰਗਤ ਦੀ ਆਗਿਆ ਅਨੁਸਾਰ ਪੰਥ ਪਿਆਰਿਆਂ ਦੀ ਦ੍ਰਿਸ਼ਟੀ ਗੋਚਰ ਹੋਣ ਹਿਤ ਪ੍ਰਕਾਸ਼ਤ ਕੀਤੀ ਜਾਂਦੀ ਹੈ।

ਦਾਸ— ਭਗਤ ਸਿੰਘ ਸੁਪ੍ਰੰਟੰਡੰਟ
ਚੀਫ ਖ਼ਾਲਸਾ ਦੀਵਾਨ

## ਸਿੰਘ ਸਭਾ ਕੋਇਟਾ ਦੀ ਰੀਪੋਟ

**(50 ਸੱਜਣ ਬੇੜੇ ਚੜ੍ਹੇ)**

ਧੰਨ ਗੁਰੂ ਅਕਾਲ ਪੁਰਖ ਗੁਰੂ ਨਾਨਕ ਸਾਹਿਬ ਜੀ ਹੈਂ ਜਿਸਨੇ ਕ੍ਰਿਪਾ ਕਰਕੇ ਚੀਫ ਖ਼ਾਲਸਾ ਦੀਵਾਨ ਦੇ ਸੇਵਕਾਂ ਦੇ ਚਿਤ ਪ੍ਰੇਰਕੇ ਕੋਇਟੇ ਦੀ ਦੂਰ ਬੈਠੀ ਹੋਈ ਸਿਖ ਸੰਗਤ ਨੂੰ ਇਹ ਪੰਝੀ ਦਿਨ ਗੁਰਬਾਣੀ ਦੇ ਕੀਰਤਨ ਦਾ ਹੁਲਾਰਾ ਦੇਕੇ ਇਸ ਧਰਤੀ ਤੇ ਬੈਕੁੰਠ ਧਾਮ ਦੇ ਦਰਸ਼ਨ ਕਰਾਏ। ਕੋਇਟੇ ਦਾ ਹਰ ਇਕ ਸਿਖ ਬੱਚਾ ਅਤੇ ਮਾਈ ਭਾਈ ਇਸ ਦਾਤ ਪਰ ਚੀਫ ਖਾਲਸਾ ਦੀਵਾਨ ਦਾ ਰੋਮ ਰੋਮ ਧੰਨਵਾਦ ਕਰ ਰਿਹਾ ਹੈ, ਭਾਈ ਸਾਹਿਬ ਭਾਈ ਭਾਗ ਸਿੰਘ ਭਾਈ ਹੀਰਾ ਸਿੰਘ ਜੀ ਰਾਗੀ ਦੇ ਚਾਰ ਮਹੀਨੇ ਦੇ ਅਰਪਨ ਕੀਤੇ ਹੋਏ ਸਮੇਂ ਵਿਚੋਂ ਇਸ ਕੋਇਟਾ ਨਿਵਾਸੀ ਗਰੀਬ ਸੰਗਤ ਨੂੰ ਦੀਵਾਨ ਨੇ ਚੌਥਾ ਹਿੱਸਾ ਸਮਾਂ ਪਰਦਾਨ ਕੀਤਾ ਅਰਥਾਤ ਸਾਡੀ ਬਿਨੈ ਕਰਨ ਪਰ ਭਾਈ ਭਾਗ ਸਿੰਘ ਭਾਈ ਹੀਰਾ ਸਿੰਘ ਜੀ ਨੂੰ ਇਥੇ ਭੇਜਿਆ, ਭਾਈ ਸਾਹਿਬ 30-7-20 ਨੂੰ ਇਥੇ ਪੁਜ ਗਏ ਸਨ ਇਥੇ 31-7-20 ਤੋਂ 4-8-20 ਤਕ ਖਾਲਸਾ ਜੀ ਦਾ ਸਲਾਨਾ ਦੀਵਾਨ ਉਸ ਸ਼ਾਨ ਸ਼ੌਕਤ ਨਾਲ ਸਜਿਆ, ਇਤਨੀ ਸਿੱਖ ਸੰਗਤ ਅਤੇ ਅਨਮਤੀ ਸੱਜਨ ਭੀ ਆਕੇ ਜੁੜਦੇ ਰਹੇ ਜੋ ਹਮੇਸ਼ਾ ਨਾਲੋਂ ਬਹੁਤ ਹੀ ਜ਼ਿਆਦਾ ਸਨ, ਦੀਵਾਨ ਦੇ ਸਮਾਗਮ, ਕੀਰਤਨ ਦਾ ਪ੍ਰਭਾਵ ਅਕਥਨੀਯ ਸੀ। ਕੀਰਤਨ ਤੋਂ ਸਿਵਾਇ ਪੰਥ ਦੇ ਗੁਰਮੁਖ ਸੇਵਕ ਭਾਈ ਜੋਧ ਸਿੰਘ ਜੀ ਐਮ. ਏ. ਦੇ ਰਸ ਭਰੇ ਵਖਜਾਨ ਤੇ ਕਥਾ ਅਤੇ ਸ੍ਰੀਮਾਨ ਪ੍ਰੋਫੈਸਰ ਤੇਜਾ ਸਿੰਘ ਜੀ ਐਮ. ਏ. ਦੇ ਵਖਜਾਨਾਂ ਨੇ ਸੰਗਤ ਨੂੰ ਬਹੁਤ ਅਨੰਦ ਕੀਤਾ, ਦੀਵਾਨ ਦੇ ਨਿਯਤ ਦਿਨ ਤਾਂ ਲੰਘ ਗਏ ਪਰ ਸੰਗਤਾਂ ਦੇ ਚਿਤਾਂ ਪਰ ਜੋ ਗੁਰਬਾਣੀ ਦੇ ਅਨਿਆਲੇ ਤੀਰ ਲੱਗ ਗਏ ਸਨ ਇਸ ਕਰਕੇ ਬੇਅੰਤ ਪ੍ਰੇਮੀ ਲੱਗੇ ਤਰਲੇ ਕੱਢਣ ਕਿ ਭਾਈ ਸਾਹਿਬ ਨੂੰ ਜ਼ਰੂਰ ਅਟਕਾਓ ਤੇ ਇਸ ਅੰਮ੍ਰਿਤ ਨੂੰ ਤ੍ਰਿਪਤ ਹੋ ਕੇ ਛਕੀਏ। ਚੀਫ ਖ਼ਾਲਸਾ ਦੀਵਾਨ ਦੀ ਸੇਵਾ ਵਿਚ ਨਿੰਮ੍ਰਤਾ ਸੈਹਤ ਤਾਰ ਦੇ ਕੇ ਭਾਈ ਸਾਹਿਬ ਦੇ ਇਥੇ ਹੋਰ ਰੈਹਣ ਲਈ ਆਗਜਾ ਮੰਗਾਈ ਤੇ ਹੁਨ ਸ਼ੈਹਰ ਕੋਇਟੇ ਤੇ ਮੁਖਤਲਿਫ ਹਿਸਿਆਂ ਵਿਚ ਖਾਸ ਖਾਸ ਗੁਰਦ੍ਵਾਰਿਆਂ ਵਿਚ ਅਤੇ ਮਹੱਲੇ ਗਲੀਆਂ ਦੇ ਚੌਂਕਾਂ ਅਤੇ ਦੂਰ ਦੂਰ ਦੇ ਕਾਰਖਾਨਿਆਂ ਵਿਚ ਬਾਬਾ ਜੀ ਦੇ ਕੀਰਤਨ ਦਾ ਲੈਹਰਾ ਚਲਣ ਲਗਾ, ਇਸ ਦਾ ਜੋ ਪਰਭਾਵ ਸੀ ਸੋ "ਕੈਹਬੇ ਕਉ ਸੋਭਾ ਨਹੀਂ

ਦੇਖਾ ਹੀ ਪ੍ਰਵਾਨ''। ਅਸਰ ਜੋ ਇਸ ਪ੍ਰਚਾਰ ਦਾ ਹੋਇਆ ਉਸਦਾ ਸੰਖੇਪ ਸਿੱਟਾ ਇਸ ਤਰਾਂ ਹੈ।

1. ਸਤਿਸੰਗ ਦਾ ਪਰਵਾਹ ਤੇ ਗੁਰਸਿੱਖੀ ਦੀ ਰਹੁਰੀਤ ਸਾਰੇ ਨਗਰ ਅਤੇ ਖਾਸ ਕਰ ਬਾਬੂ ਮਹੱਲੇ ਵਿਚ ਐਸੀ ਚਲੀ ਕਿ ਰਾਤ ਦੇ 3 ਬਜੇ ਘਰਾਂ ਵਿਚੋਂ ਇਸ਼ਨਾਨ ਦਾ ਉਦਮ ਤੇ ਗੁਰਬਾਣੀ ਦੀ ਗੁੰਜਾਰ ਆਵੰਦੀ ਸੀ, ਅਨੇਕ ਸੱਜਨ ਅਪਨੇ ਵੇਹੜੇ ਗਲੀ ਵਿਚ ਸੰਗਤਾਂ ਨੂੰ ਜਗਾਉਂਦੇ ਤੇ ਗੁਰਦੁਆਰੇ ਪੁੱਜਨ ਦੇ ਆਹਰ ਦੇਂਦੇ ਸਨ, ਬਾਜਾਰਾਂ ਗਲੀਆਂ ਵਿੱਚੋਂ ਅਨੇਕਾਂ ਮਾਈ ਭਾਈ ਬੁਢੇ ਬਾਲ ਲੰਪਾਂ ਹੱਥ ਵਿਚ ਲਈ ਬਾਣੀ ਦੇ ਪਾਠ ਕਰਦੇ ਗੁਰਦੁਆਰੇ ਵਲ ਆਉਂਦੇ ਦਿਸਦੇ ਸਨ ਅਤੇ ਸਾਢੇ ਚਾਰ ਵਜੇ ਤਕ ਸੰਗਤ ਭਰਪੂਰ ਹੋ ਜਾਂਦੀ ਸੀ, ਗੁਰਸਿੱਖਾਂ ਤੋਂ ਸਿਵਾ ਅਨੇਕਾਂ ਅਨਮਤੀ ਆਰਜਾ ਸਮਾਜੀ ਤੇ ਕਈ ਐਸੇ ਸੱਜਨ ਜੋ ਸੈਹਜਧਾਰੀ ਸੀ ਆਯੂ ਵਿਚ ਪਿਛਲੀ ਰਾਤ ਕਦੇ ਨ ਜਾਗੇ ਹੋਨ ਸੋ ਭੀ ਸਵੱਛ ਭਾਵ ਲੈ ਕੇ ਦੀਵਾਨ ਵਿਚ ਆ ਸਜਦੇ ਸਨ ਅਤੇ ਆਸਾ ਦੀ ਵਾਰ ਦੇ ਕੀਰਤਨ ਦੇ ਨਾਲ ਵਿਆਖਿਆ ਤੇ ਕਰਨੀ ਵਾਲੇ ਗੁਰਮੁਖਾਂ ਦੇ ਪਰਸੰਗਾਂ ਦਾ ਅੱਠ ਵਜੇ ਤਕ ਓਹ ਲੈਹਰਾ ਚਲਦਾ ਕਿ ਸਭ ਸੰਗਤ ਸਜਲ ਨੇਤ੍ਰ ਸਤਿਗੁਰੂ ਦੇ ਧਿਆਨ ਵਿਚ ਨਿਮਗਨ ਬੈਠੀ ਰੈਂਹਦੀ ਅਤੇ ਕੋਈ ਕੋਈ ਸਬਦ ਮਾਈ ਭਾਈ ਅੱਗੇ ਪਿੱਛੇ ਪੜ੍ਹਦੇ ਅਤੇ ਸਤਿਗੁਰੂ ਦਰਸ਼ਨ ਦੀ ਸਿੱਕ ਵਿਚ ਬਾਬਾ ਜੀ ਦੇ ਦਰਸ਼ਨ ਦੀ ਧੁਨੀ ਗਾਇਨ ਕਰਦੇ ਤਾਂ ਸੱਚ ਮੁੱਚ ਬੈਕੁੰਠ ਦਾ ਨਜ਼ਾਰਾ ਦਿੱਸਦਾ। ਇਸੇ ਤਰਾਂ ਸ਼ਾਮ ਨੂੰ ਭੀ ਤਾਂਘ ਨਾਲ ਲੋਕ ਦਫਤ੍ਰਾਂ ਤੋਂ ਆਕੇ ਸਵੱਛ ਹੋਕੇ 6 ਵਜੇ ਨਾਲ ਦੀਵਾਨ ਭਰਪੂਰ ਹੋ ਜਾਂਦਾ ਸੀ ਅਤੇ ਸ਼ਾਮ ਨੂੰ ਤਾਂ ਇਤਨੀ ਸੰਗਤ ਹੁੰਦੀ ਸੀ ਕਿ ਕਈ ਵੇਰ ਪ੍ਰਬੰਧ ਕਰਨਾ ਤੇ ਜਗ੍ਹਾ ਦੇਣੀ ਮੁਸ਼ਕਲ ਹੋ ਜਾਂਦੀ ਸੀ, ਹਿੰਦੂ ਮਾਤ੍ਰ ਤਾਂ ਸ਼ੈਦ ਹੀ ਕੋਈ ਹੋਵੇਗਾ ਜੋ ਇਸ ਦਾਤ ਤੋਂ ਵਾਂਜਿਆ ਰਿਹਾ ਹੋਵੇ।

ਨਾਂ ਕੇਵਲ ਦੀਵਾਨ ਵਿਚ ਸੱਗੋਂ ਦਫਤ੍ਰਾਂ ਵਿਚ ਬੈਠੇ ਬਾਬੂ ਤੇ ਬਜ਼ਾਰਾਂ ਵਿਚ ਦੁਕਾਨਦਾਰ, ਘਰਾਂ ਵਿਚ ਸਾਰਾ ਦਿਨ ਸਵੇਰ ਦੇ ਸਤਿਸੰਗਤ ਦੀ ਚਰਚਾ ਹੁੰਦੀ ਰਹੀ ਹੈ ਤੇ ਕਈ ਅਨਮਤੀ ਦਿਨ ਵਿਚ ਭੀ ਭਾਈ ਸਾਹਿਬ ਜੀ ਪਾਸ ਆਕੇ; ਗੁਰਸਿੱਖੀ ਸਮਝਣ ਲਈ ਵਿਚਾਰ ਕਰਦੇ ਰੈਂਹਦੇ ਸਨ, ਕਈ ਸੱਜਣ ਜੋ ਪੈਹਲੇ ਦਿਨਾਂ ਵਿਚ ਦੀਵਾਨ ਵਿੱਚੋਂ ਆਕੇ ਓਪਰਿਆਂ ਦੀ ਤਰਾਂ ਬਿਨਾਂ ਸਿਰ ਝੁਕਾਏ ਬੈਠ ਜਾਂਦੇ ਸਨ, ਦੂਜੇ ਚੌਥੇ ਦਿਨ ਉਹ ਸਤਿਗੁਰੂ ਗ੍ਰੰਥ ਸਾਹਿਬ ਜੀ ਦੇ ਹਜੂਰ ਨੱਕ ਰਗੜ ਰਗੜ ਕੇ ਮੱਥਾ ਟੇਕਦੇ ਅਤੇ ਕੜਾਹ ਪ੍ਰਸ਼ਾਦ ਕਰਾਕੇ ਅਰਦਾਸੇ ਸੁਧਾਂਦੇ ਸਨ।

ਉੱਦਮ ਤੇ ਅਹਾਰ ਸੰਗਤਾਂ ਤੇ ਰਾਗੀ ਸਿੰਘਾਂ ਵਿਚ ਇੰਨੀਂ ਦਿਨੀਂ ਇਤਨਾ ਰਿਹਾ ਕਿ ਹਰ ਇਕ ਸਿੱਖ ਬਚੇ ਨੂੰ ਪ੍ਰਚਾਰ ਦਾ ਸ਼ੌਕ ਜਾਗ ਪਿਆ ਹੈ, ਜਿਸ ਮਹੱਲੇ ਦੀ ਸੰਗਤ ਦੀਵਾਨ ਲਗਾਉਂਦੀ ਸੀ ਉਸ ਸਮੇਂ ਦੇ ਮਾਈ ਭਾਈ ਕਈ ਦਿਨ ਪੈਹਲੇ ਹੀ ਦੀਵਾਨ ਅਸਥਾਨ ਦੀ ਸਜਾਵਟ ਜੋੜਿਆਂ ਦੇ ਟਿਕਟ ਤੇ ਕੜਾਹ ਪ੍ਰਸ਼ਾਦ ਦੀਆਂ ਰਸਤਾਂ ਅਤੇ ਚੀਫ ਖਾਲਸਾ ਦੀਵਾਨ ਦੇ ਪ੍ਰਚਾਰ ਫੰਡ ਲਈ ਮਾਯਾ ਦੇ ਅਰਦਾਸੇ ਦੇ ਉੱਦਮ ਵਿਚ ਰੁੱਝੇ ਤੇ ਗੁਰੂ ਗੁਰੂ ਜਪਦੇ ਦਿੱਸਦੇ ਸਨ, ਰਾਗੀ ਸਿੰਘਾਂ ਤੇ ਭੀ ਸਤਿਗੁਰੂ ਨੇ ਓਹ ਮੇਹਰ ਕੀਤੀ ਕਿ 24 ਦਿਨ ਲਗਾਤਾਰ ਦੋਵੇਂ ਵੇਲੇ ਸਗੋਂ ਕਦੇ ਕਦੇ ਤਿੰਨ ਤਿੰਨ ਵੇਰੀ ਚਾਰ ਚਾਰ ਘੰਟੇ ਸਵੇਰੇ ਤੋਂ ਦੋ ਦੋ ਘੰਟੇ ਸ਼ਾਮ ਨੂੰ ਕੀਰਤਨ ਕਰਦਿਆਂ ਅਤੇ ਨਵੇਂ ਤੋਂ ਨਵਾਂ ਅੰਮ੍ਰਿਤ ਵਰਸਾਂਦਿਆਂ ਗਲਾ ਨਹੀਂ ਬੈਠਾ, ਭਾਈ ਹੀਰਾ ਸਿੰਘ ਜੀ ਦਾ ਸਰੀਰ ਵਿੱਚੋਂ ਕੁਛ ਦਿਨ ਡੀਸੈਂਟਰੀ ਨਾਲ ਮਸਤਾਨਾ ਭੀ ਹੋਇਆ ਪਰ ਗੁਰੂ ਕ੍ਰਿਪਾ ਤੇ ਹਰ ਕੀਰਤਨ ਦਾ ਆਹਰ ਬਨਿਆ ਹੀ ਰਿਹਾ।

### ਖਾਸ ਦੀਵਾਨ ਦੇ ਪ੍ਰਭਾਵ

ਦਵਾਬਾ ਧਰਮਸਾਲਾ ਦੇ ਤਿੰਨਾਂ ਹੀ ਕੀਰਤਨਾਂ ਵਿਚ ਰੋਜ਼ਾਨਾ ਸਤਿਸੰਗ ਕਾਇਮ ਕਰਨ ਤੇ ਅੰਮ੍ਰਿਤ ਵੇਲੇ ਨਿੱਤ ਹਾਜ਼ਰ ਹੋਨ ਬਾਬਤ ਓਹ ਪ੍ਰੇਰਨਾ ਹੋਈ ਜੋ ਕਈ ਪ੍ਰੇਮੀ ਪ੍ਰਣ ਕਰਦੇ ਸਨ ਕਿ ਚਾਰ ਵਜੇ ਤੋਂ ਪਿੱਛੋਂ ਕਦੀ ਸੁੱਤੇ ਨਹੀਂ ਰਹਾਂਗੇ ਅਤੇ ਨਿੱਤ ਗੁਰਦੁਆਰੇ ਆਕੇ ਕੀਰਤਨ ਕਰਾਂਗੇ ਅਤੇ ਸੁਣਾਂਗੇ।

ਇੰਜਨ ਸ਼ੈਡ ਦੇ ਦੀਵਾਨ ਵਿਚ ਪੰਥ ਦੀ ਇਕੱਤ੍ਰਤਾ ਅਤੇ ਗੁਰਸਿੱਖਾਂ ਦੇ ਦਿਲ ਇਕੱਤ੍ਰ ਕਰਨ ਲਈ ਜ਼ੋਰਦਾਰ ਪ੍ਰੇਰਨਾ ਹੋਈ ਤੇ ਕਈ ਵਿੱਛੜੇ ਚਿੱਤ ਮਿਲੇ, ਫਿਰ ਦੁਾਬਾ ਧਰਮਸਾਲ ਦੇ ਕੀਰਤਨ ਵਿਚ ਜਾਤ ਪਾਤ ਖੰਡਨ ਪਰ ਇਤਨੀ ਪੁਰਜ਼ੋਰ ਵਿਆਖਿਆ ਹੋਈ ਜੋ ਪਰਤੱਖ ਸਤਿਗੁਰੂ ਕਲਗੀਧਰ ਦਾ ਹੁਕਮ ਸਨਮੁਖ ਦਿੱਸ ਰਿਹਾ ਸੀ ਕਿ ਹੁਨ ਕੋਈ ਭੀ ਸਿੱਖ ਕਿਸੇ ਜਾਤੀ ਦੇ ਸਿਖ ਨਾਲ ਕੋਈ ਪ੍ਰਹੇਜ਼ ਯਾ ਛੂਤ ਛਾਤ ਦਾ ਭਰਮ ਕਰੇਗਾ ਤਾ ਗੁਰੂ ਦਾ ਦੇਣਦਾਰ ਹੋਵੇਗਾ, ਅਤੇ ਇਸ ਦਾ ਪ੍ਰਤੱਖ ਸਬੂਤ ਭੀ ਦਿਤਾ ਗਿਆ। ਇਥੇ ਸ੍ਰ: ਸੁਚੇਤ ਸਿੰਘ ਜੀ ਸੁਦਾਗਰ ਸੀਸਤਾਨ ਦਾ ਇਸੇ ਵਿਸ਼ੇ ਪਰ ਦਿਲ ਹਿਲਾ ਦੇਣ ਵਾਲੇ ਵਖਯਾਨ ਹੋਯਾ।

ਆਰਯਾ ਹਾਈ ਸਕੂਲ ਮੰਦਰ ਵਿੱਚ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਕੇ ਕੀਰਤਨ ਹੋਯਾ ਉਸ ਦਾ ਪ੍ਰਭਾਵ ਉਥੇ ਹੀ ਸੁਣਨ ਜੋਗ ਸੀ, ਸਨਾਤਨ ਧਰਮ ਸਭਾ ਵਿਚ ਬਾਬੇ ਦਾ ਪ੍ਰਕਾਸ਼ ਹੋ ਕੇ ਆਸਾ ਦੀ ਵਾਰ ਲੱਗੀ, ਭਰਪੂਰ ਸੰਗਤ ਵਿੱਚ ਬੇਅੰਤ ਹਿੰਦੂ ਮਾਤ੍ਰ ਗੁਰੂ ਬਾਬੇ ਦੇ ਉਪਦੇਸ਼ਕਾਂ ਨੂੰ ਸੁਣਕੇ ਸਜਲ ਨੇਤ੍ਰ ਹੋ ਕੇ ਆਪ ਪਰਗਟ ਕਰਦੇ ਸਨ ਕਿ ਸਤਿਗੁਰੂ ਦੇ ਕਰਜੇ ਨਾਲ ਸਾਡਾ ਵਾਲ ਵਾਲ ਲੱਦਿਆ ਹੋਇਆ ਹੈ, ਖਾਸ ਕਰ ਜਿਸ ਵੇਲੇ ਰਾਗੀ ਸਿੰਘਾਂ ਦੇ ਨਾਲ ਸਭ ਸੱਜਨ ਗਾਉਂਦੇ ਸਨ ''ਲਖ ਬਰਮੇ ਬਿਸਨ ਮਹੇਸ ਪਏ ਤਰਸਨ ਤੇਰੇ ਦਰਸਨ ਨੂੰ'' ਸਨਾਤਨ ਧਰਮ ਸਭਾ ਮੰਦਰ ਦੀਆਂ ਕੰਧਾਂ ਵੀ ਵਾਹਦਤ ਦੇ ਰੰਗ ਵਿਚ ਰੰਗੀ ਕੇ ੧ਓਂ ਦਾ ਸਿਮਰਨ ਕਰ ਰਹੀਆਂ ਸਨ, ਹੋਰ ਭੀ ਸਭ ਦੀਵਾਨਾਂ ਵਿੱਚ ਗੁਰਸਿੱਖੀ ਦੇ ਕਈ ਅਸੂਲਾਂ ਤੇ ਬਹੁਤ ਚੰਗੀ ਤਰਾਂ ਵਿਚਾਰ ਹੋਈ, ਖਾਸ ਕਰ ਸ੍ਰ: ਨਥਾ ਸਿੰਘ ਜੀ ਠੇਕੇਦਾਰ ਦੇ ਹਾਤੇ ਵਾਲੇ ਦੀਵਾਨ ਵਿੰਚ ''ਗੁਰੂ ਕੀ ਵਸਤੂ ਹੈ'' ਸਤਿਗੁਰੂ ਜੋਤ ਪ੍ਰਤਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੈ, ਅਤੇ ਗੁਰ ਧਾਰਨ ਦੀ ਰੀਤੀ ਅੰਮ੍ਰਿਤ ਛਕਨਾ ਹੈ, ਪਰ ਇਸ ਦਾ ਜੋ ਅਸਰ ਸੰਗਤ ਤੇ ਪੈ ਰਿਹਾ ਸੀ ਉਸ ਵੇਲੇ ਹੀ ਪਤਾ ਲਗਦਾ ਸੀ।

## ਖਾਲਸਈ ਝੰਡਾ
### (ਖਲਾਸੀ ਲਾਈਨ ਦੀਵਾਨ ਤੇ ਅੰਮ੍ਰਿਤ ਪ੍ਰਚਾਰ)

ਸਭ ਤੋਂ ਵਡੀ ਗੁਰੂ ਦੀ ਕ੍ਰਿਪਾ ਹੋਈ ਕਿ ਖਾਲਸਾ ਧਰਮ ਦੀਆਂ ਬਰਕਤਾਂ ਨੂੰ ਸੁਣਕੇ ਸਚੇ ਧਰਮ ਦੀ ਅਭਲਾਖਾ ਵਿੱਚ ਰਾਇ ਸਾ: ਚੌਧਰੀ ਰਲਾ ਰਾਮ ਜੀ ਨੇ ਉਠ ਕੇ ਬੇਨਤੀ ਕੀਤੀ ਕਿ ਮੈਨੂੰ ਕੇਸਾ ਧਾਰੀ ਸਿੰਘ ਸਜਾ ਕੇ ਅੰਮ੍ਰਿਤ ਦਾਨ ਦਿਤਾ ਜਾਵੇ, ਜਿਸ ਪਰ ਅਨੇਕਾਂ ਜੈਕਾਰੇ ਗੱਜੇ ਇਹ ਪ੍ਰਭਾਵ ਐਸਾ ਚਲਿਆ ਕਿ ਹਰ ਇਕ ਕੀਰਤਨ ਵਿਚ ਕੋਈ ਨਾ ਕੋਈ ਲੋੜਵੰਦ ਉਠ ਕੇ ਸਿੱਖੀ ਦੀ ਅਭਲਾਖਾ ਪਰਗਟ ਕਰਦਾ ਸੋ ਇਹ ਸੱਜਣ ਸਿੰਘ ਸਜੇ:-

ਰਾਇ ਸਾਹਿਬ ਰਲਾ ਰਾਮ ਜੀ
ਲਾਲਾ ਮੇਲਾ ਰਾਮ ਜੀ
ਲਾਲਾ ਰਾਮ ਲਭਾਯਾ ਮਲ ਜੀ
ਲਾਲਾ ਗਣੇਸ਼ ਦਾਸ ਜੀ
ਦੀਵਾਨ ਮੂਲ ਚੰਦ ਜੀ ਸਿੰਧੀ
ਮਾਸਟਰ ਵੀਰ ਭਾਨ ਜੀ

ਇਸੇ ਤਰਾਂ ਕਈ ਸੈਹਜਧਾਰੀਆਂ ਹੁੱਕਾ ਕੁੱਠਾ ਆਦਿਕ ਪਾਪ ਤਿਆਗ ਕੇ ਕਈ ਸੈਹਜਧਾਰੀਆਂ ਨੇ ਪੁਤ੍ਰ ਸਿੰਘ ਸਜਾਏ, 22-8-20 ਤ੍ਰੀਕ ਨੂੰ ਅੰਮ੍ਰਿਤ ਪ੍ਰਚਾਰ ਹੋਯਾ ਅਤੇ ਉਪਰ ਲਿਖੇ ਸੱਜਣਾਂ ਸਮੇਤ 50 ਸੱਜਣ ਮਾਈ ਭਾਈ ਨੇ ਅੰਮ੍ਰਿਤ ਛਕਕੇ ਗੁਰੂ ਕਲਗੀਧਰ ਜੀ ਦਾ ਖ਼ਾਲਸਾ ਧਰਮ ਧਾਰਨ ਕੀਤਾ ਤੇ ਕਈ ਪਤਤ ਲੋਕ ਸੁਧ ਹੋਏ। ✧✧

ੴ

ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼

{ਗੁਰੂ ਗ੍ਰੰਥ ਸਾਹਿਬ ਅੰਗ-੫੬੩, ਸੰਥਜਾ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-੩੪੭੬}

ਵਡਹੰਸੁ ਮਹਲਾ ੫, ਚਉਪਦਾ ੫-੨੦ ੴ ਸਤਿਗੁਰ ਪ੍ਰਸਾਦਿ॥

| ਮੂਲ | ਅਰਥ |
|---|---|
| **ਵਡਹੰਸੁ ਮਹਲਾ ੫॥ ਤੂ ਵਡਦਾਤਾ ਅੰਤਰਜਾਮੀ॥ ਸਭ ਮਹਿ ਰਵਿਆ ਪੂਰਨ ਪ੍ਰਭ ਸੁਆਮੀ॥੧॥** | (ਹੇ ਪ੍ਰਭੂ!) ਤੂੰ ਬੜਾ ਦਾਤਾ ਹੈਂ ਤੇ ਦਿਲਾਂ ਦੀਆਂ ਜਾਣਨ ਵਾਲਾ (ਦਾਤਾ) ਹੈਂ। (ਫੇਰ ਤੂੰ) ਸਭਨਾਂ (ਦੇ ਦਿਲਾਂ) ਵਿਚ ਵਿਆਪਕ ਹੋ ਰਿਹਾ ਤੇ ਸਾਰੇ ਪੂਰਨ ਹੋ ਰਿਹਾ (ਸੰਪੂਰਨ) ਪ੍ਰਭੂ ਤੇ ਮਾਲਕ ਹੈਂ॥੧॥ |
| **ਮੇਰੇ ਪ੍ਰਭ ਪ੍ਰੀਤਮ ਨਾਮੁ ਅਧਾਰਾ॥ ਹਉ ਸੁਣਿ ਸੁਣਿ ਜੀਵਾ ਨਾਮੁ ਤੁਮਾਰਾ॥੧॥ਰਹਾਉ॥** | ਹੇ ਮੇਰੇ ਪਿਆਰੇ ਪ੍ਰਭੂ! (ਮੈਨੂੰ ਤੇਰੇ) ਨਾਮ ਦਾ ਆਸਰਾ ਹੈ, (ਹਾਂ,) ਮੈਂ ਆਪ ਦਾ ਨਾਉਂ ਸੁਣ-ਸੁਣ ਕੇ ਜੀਊਂਦਾ ਹਾਂ॥੧॥ਰਹਾਉ॥ |
| **ਤੇਰੀ ਸਰਣਿ ਸਤਿਗੁਰ ਮੇਰੇ ਪੂਰੇ॥ ਮਨੁ ਨਿਰਮਲੁ ਹੋਇ ਸੰਤਾ ਧੂਰੈ॥੨॥** | ਹੇ ਮੇਰੇ ਪੂਰੇ ਸਤਿਗੁਰੂ! (ਮੈਂ) ਤੇਰੀ ਸ਼ਰਣ (ਵਿਚ ਪਿਆ) ਹਾਂ, (ਕਿਉਂਕਿ) ਮਨ ਸੰਤਾਂ ਦੀ ਧੂੜੀ ਨਾਲ ਹੀ ਨਿਰਮਲ ਹੁੰਦਾ ਹੈ॥੨॥ |
| **ਚਰਨ ਕਮਲ ਹਿਰਦੈ ਉਰਿਧਾਰੇ॥ ਤੇਰੇ ਦਰਸਨ ਕਉ ਜਾਈ ਬਲਿਹਾਰੇ॥੩॥** | (ਤੇਰੇ) ਚਰਨ ਕਮਲ ਹਿਰਦੇ ਵਿਚ ਧਾਰਨ ਕੀਤੇ ਹਨ, ਮੈਂ ਤੇਰੇ ਦਰਸ਼ਨ ਤੋਂ ਸਦਕੇ ਜਾਂਦਾ ਹਾਂ॥੩॥ |
| **ਕਰਿ ਕਿਰਪਾ ਤੇਰੇ ਗੁਣ ਗਾਵਾ॥ ਨਾਨਕ ਨਾਮੁ ਜਪਤ ਸੁਖੁ ਪਾਵਾ॥੪॥੫॥** | ਕਿਰਪਾ ਕਰ, ਜੋ ਤੇਰੇ ਗੁਣ ਗਾਵਾਂ ਤੇ ਨਾਮ ਜਪਦਿਆਂ (ਨਾਮ ਦਾ) ਸੁਖ ਪਾਵਾਂ (ਕਹਿੰਦੇ ਹਨ ਗੁਰੂ) ਨਾਨਕ ਜੀ॥੪॥੫॥ |

## ਸ੍ਰੀ ਗੁਰੂ ਨਾਨਕ ਦੇਵ ਜੀ ਅੰਤਰ ਧਜਾਨ

ਲਹਿਣਾ ਜੀ ਗੁਰੂ ਕੇ ਨਾਦੀ 'ਪੁਤ੍ਰ' ਹੋ ਗਏ, ਇਸ ਕਰਕੇ ਉਸ ਨੂੰ ਵਰ-ਅੰਗਦ-ਦਿੱਤਾ ਹੋਣਾ ਹੈ।

**ਪ੍ਰਸੰਨ—** ਠੀਕ ਹੈ, ਤੁਸੀਂ ਵਡੇ ਹੋ ਯੋਗੀ ਹੋ ਜਿਵੇਂ ਤੁਸੀਂ ਆਖੋ ਠੀਕ ਹੈ।

**ਭੰਗਰ—** ਗੁਰੂ ਨਾਨਕ ਨੂੰ ਰੀਝਾਵਣਾ ਸੌਖੀ ਗਲ ਨਹੀਂ ਸੀ। ਸਚ ਮੁਚ ਸ੍ਰੀ ਲਹਿਣਾ ਜੀ ਨੇ ਆਪਣੇ ਆਪੇ ਦਾ ਪੂਰਨ ਤਜਾਗ ਕਰਕੇ ਸੰਪੂਰਨ ਪਰਮਾਤਮ ਅਨੁਭਵਤਾ ਪ੍ਰਾਪਤ ਕੀਤੀ ਹੋਣੀ ਹੈ; ਤਦੇ ਗੁਰੂ ਰੀਝੇ ਹੋਣੇ ਹਨ, ਤਦ ਗੁਰਿਆਈ ਦਿੱਤੀ ਹੋਣੀ ਹੈ।

**ਪ੍ਰਸੰਨ—** ਜੀ, ਗੁਰੂ ਅੰਗਦ ਜੀ ਨੇ ਤਾਂ ਹਉਂ ਐਉਂ ਮੇਟੀ ਕਿ ਆਪ ਰਹੇ ਹੀ ਨਾਹ, ਨਿਰਾ ਗੁਰੂ ਨਾਨਕ ਹੀ ਰਹਿ ਗਿਆ, ਉਹਨਾਂ ਦਾ ਰੂਪ ਹੀ ਹੋ ਗਏ। ਮਨ ਆਤਮਾ ਕਰਕੇ ਤਾਂ ਹੋਣਾ ਹੀ ਸੀ, ਦੇਹੀ ਦਾ ਝਲਕਾ ਬੀ ਐਉਂ ਹੀ ਵਜਣ ਲਗ ਗਿਆ ਜੇ, ਜਿਵੇਂ ਉਹੋ ਕਾਂਇਆਂ ਪਲਟੀਜ ਗਈ ਹੈ।

ਹੁਣ ਕੋਲ ਬੈਠਾ ਜੋਗੀ 'ਸਰਨਾ' ਬੋਲਿਆ-

ਗੱਦੀ ਕਿਵੇਂ ਦਿੱਤੀਓ ਨੇ? ਕੋਈ ਅਨੋਖੀ ਮਰਿਯਾਦਾ? ਜਿਵੇਂ ਆਪ ਅਨੋਖੇ ਸਨ ਤੇ ਜਿਵੇਂ ਟੋਰਿਆ ਸੀ ਮਾਰਗ ਅਨੋਖਾ?

**ਪ੍ਰਸੰਨ—** ਅਨੋਖੀ ਜੁਗਤਿ। ਪੰਜ ਪੈਸੇ ਨਰੇਲ ਅਗੇ ਧਰਕੇ ਮੱਥਾ ਟੇਕਿਓ ਨੇ ਆਪਣੇ ਚੇਲੇ ਅੱਗੇ ਤੇ ਆਖਿਓ ਨੇ "ਤੂੰ ਗੁਰੂ ਹੋ ਗਿਆ।" ਜਿਸ ਅਗੇ ਗੁਰੂ ਨਿਉਂ ਗਿਆ ਉਸ ਅੱਗੇ ਸੰਗਤਿ ਦਹ ਗੁਣ ਨਿਉਂ ਗਈ।

**ਸਰਨਾ—** ਉਹੋ ਗਲ ਹੋਈ।

**ਭੰਗਰ** (ਮੁਸਕ੍ਰਾ ਕੇ)— ਤਦੇ ਮੈਂ ਗੁਰੂ ਨਾਨਕ ਨਾਲ ਕਈ ਭੇਦ ਰੱਖਦਿਆਂ ਬੀ ਆਖਦਾ ਹਾਂ ਕਿ ਉਹ ਜੋਤਿ ਨਿਰੰਜਨੀ ਸੇ। ਮੈਨੂੰ ਨਿਸਚਾ ਹੋ ਗਿਆ ਸੀ ਕਿ ਇਸ ਦਾ ਗੁਰੂ 'ਨਿਰੰਜਨ' ਆਪ ਹੈ। ਇਹ ਉਸ ਨਿਰੰਜਨ ਅਗੇ ਝੁਕਦਾ ਹੈ ਤੇ ਝੁਕੇਗਾ ਉਸ ਅੱਗੇ ਜਿਸ ਦੇ ਅੰਦਰ ਵਸਾ ਦੇਵੇਗਾ ਜੋਤਿ ਨਿਰੰਜਨੀ ਆਪਣੇ ਵਾਂਗੂ ਪੂਰੀ ਪੂਰੀ। ਪ੍ਰਸੰਨ ਜੀ! ਤੁਸਾਂ ਸੱਚ ਕਿਹਾ ਏ-ਧੰਨ ਗੁਰੂ ਨਾਨਕ।

**-ਸ੍ਰੀ ਅਸ਼ਟ ਗੁਰ ਚਮਤਕਾਰ, ਭਾਗ-੧**

'KHALSA SAMACHAR' New Delhi. Office of Posting NDGPO-110001 (Thursday-Friday) R.No.50825/1990 DL(ND)-11/6035/2018-19-20
Published & printed by Dr.Mohinder Singh on behalf of Bhai Vir Singh Sahitya Sadan, Published from Bhai Vir Singh Marg, Gole Market, New Delhi-110001 and printed at Print Media, 1331 Chowk Sangatrashan, Paharganj, New Delhi.
Editor Dr.Mohinder Singh. Phone 011-23363510, Email:info@bvsss.org www.bvsss.org
ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਵਲੋਂ ਪ੍ਰਕਾਸ਼ਕ ਤੇ ਛਾਪਕ ਡਾ.ਮਹਿੰਦਰ ਸਿੰਘ ਨੇ ਪ੍ਰਿੰਟ ਮੀਡੀਆ, 1331 ਚੌਂਕ ਸੰਗਤਰਾਸ਼ਾ, ਪਹਾੜ ਗੰਜ, ਨਵੀਂ ਦਿੱਲੀ-55 ਤੋਂ ਛਪਵਾਇਆ।
**ਸੰਪਾਦਕ: ਡਾ. ਮਹਿੰਦਰ ਸਿੰਘ।** [ਲੇਖਕਾਂ ਦੇ ਨਿਜੀ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ]

## ਫੌਜੀ ਚਮਨਦੀਪ ਸਿੰਘ ਨੂੰ ਬਰਤਾਨੀਆ ਫੌਜ 'ਚ ਮਿਲੀ ਤਰੱਕੀ



ਪੰਜਾਬ 'ਚ ਜਨਮੇ ਸਿੱਖ ਫੌਜੀ ਕਾਰਪੋਰਲ ਚਮਨਦੀਪ ਸਿੰਘ ਨੂੰ ਬਰਤਾਨੀਆ ਦੀ ਸ਼ਾਹੀ ਫੌਜ-ਰਾਇਲ ਲਾਜਿਸਟਿਕ ਕਾਰਪਸ (RLC) 'ਚ ਤਰੱਕੀ ਮਿਲਣ ਦੀ ਖ਼ਬਰ ਦੀ ਸੋਸ਼ਲ ਮੀਡੀਆ ਤੇ ਪੂਰੀ ਚਰਚਾ ਰਹੀ। ਸੋਸ਼ਲ ਮੀਡੀਆ ਤੇ ਇਸ ਖ਼ਬਰ ਨੂੰ ਉਸਦੀ ਪਤਨੀ ਸੀਸ ਕੌਰ ਵੱਲੋਂ ਪਾਇਆ ਗਿਆ ਜਿਸ ਤੋਂ ਬਾਅਦ ਹਜ਼ਾਰਾਂ ਵਧਾਈ ਸੁਨੇਹੇ ਤੇ ਟਿੱਪਣੀਆਂ ਮਿਲੀਆਂ। ਬ੍ਰਿਟੇਨ ਜਾਣ ਤੋਂ ਪਹਿਲਾਂ ਚਮਨਦੀਪ ਸਿੰਘ ਨੇ 12 ਸਾਲ ਭਾਰਤ ਦੇ ਮਿਲਟਰੀ ਸਕੂਲ 'ਚ ਪੜ੍ਹਾਈ ਕੀਤੀ। ਇਸ ਦੌਰਾਨ ਉਸਨੇ ਹਵਲਦਾਰ ਮੇਜਰ ਰਾਜਿੰਦਰ ਸਿੰਘ ਭੱਟ ਵੱਲੋਂ ਦੂਜੀ ਵਿਸ਼ਵ ਜੰਗ ਸਮੇਂ ਬਰਮਾ ਖ਼ਿਲਾਫ਼ ਦਿਖਾਈ ਗਈ ਬਹਾਦੁਰੀ ਬਾਰੇ ਪੜ੍ਹਿਆ। ਚਮਨਦੀਪ ਸਿੰਘ ਦੇ ਪਿਤਾ ਨੇ ਵੀ ਭਾਰਤੀ ਫੌਜ 'ਚ ਸੇਵਾ ਨਿਭਾਈ ਸੀ। ਇਸ ਸਭ ਨੇ ਚਮਨਦੀਪ ਸਿੰਘ ਨੂੰ ਬਰਤਾਨੀਆ ਜਾ ਕੇ ਬਰਤਾਨਵੀ ਫੌਜ 'ਚ ਭਰਤੀ ਹੋਣ ਲਈ ਪ੍ਰੇਰਿਤ ਕੀਤਾ ਤੇ ਉਹ ਬਰਤਾਨੀਆ ਦੀ ਸ਼ਾਹੀ ਫੌਜ (RLC) ਦਾ ਹਿੱਸਾ ਬਣੇ।

## ਕੈਨੇਡਾ ਪੁਲਿਸ ਦਾ ਹਿੱਸਾ ਬਣੀ ਪਰਮਪ੍ਰੀਤ ਕੌਰ ਬਰਾੜ

ਬਾਹਰਲੇ ਮੁਲਕਾਂ 'ਚ ਵੱਸਦੇ ਪੰਜਾਬੀਆਂ ਵੱਲੋਂ ਪ੍ਰਾਪਤੀਆਂ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਕੈਨੇਡਾ ਪੁਲਿਸ 'ਚ ਭਰਤੀ ਹੋਣ ਵਾਲੇ ਪਟਿਆਲੇ ਦੇ ਸ਼ਾਹਬਾਜ਼ ਸਿੰਘ ਤੋਂ ਬਾਅਦ ਹੁਣ ਜ਼ਿਲ੍ਹਾ ਮੋਗਾ ਦੇ ਪਿੰਡ ਦੌਧਰ ਗਰਬੀ 'ਚ ਵੱਸਦੇ ਸੇਵਾਮੁਕਤ ਅਧਿਆਪਕ ਹਰਚੰਦ ਸਿੰਘ ਸਿੱਧੂ ਅਤੇ ਅਮਰਜੀਤ ਕੌਰ ਦੀ ਧੀ ਪਰਮਪ੍ਰੀਤ ਕੌਰ ਬਰਾੜ ਨੇ ਕੈਨੇਡਾ ਦੀ ਰਾਇਲ ਕੈਨੇਡੀਅਨ ਮਾਊਂਟਡ ਪੁਲਿਸ 'ਚ ਭਰਤੀ ਹੋ ਕੇ ਮਾਪਿਆਂ ਤੇ ਪਿੰਡ ਦਾ ਨਾਂ ਰੌਸ਼ਨ ਕੀਤਾ ਹੈ। ਬੀ.ਐਸ.ਸੀ. (ਨਾਨ-ਮੈਡੀਕਲ) ਤੋਂ ਕਰਨ ਉਪਰੰਤ ਪਰਮਪ੍ਰੀਤ 2004 ਵਿਚ ਵਿਆਹ ਰਚਾ ਕੇ ਕੈਨੇਡਾ ਦੇ ਸ਼ਹਿਰ ਸਰੀ 'ਚ ਰਹਿਣ ਲੱਗੀ। ਪੁਲਿਸ 'ਚ ਭਰਤੀ ਹੋਣ ਤੋਂ ਪਹਿਲਾਂ ਪਰਮਪ੍ਰੀਤ ਐਡਮਿੰਟਨ ਦੇ ਇਕ ਬੈਂਕ 'ਚ ਨੌਕਰੀ ਕਰਦੀ ਸੀ ਤੇ ਪੁਲਿਸ 'ਚ ਭਰਤੀ ਹੋਣ ਲਈ ਦਿੱਤੇ ਪੇਪਰ 'ਚ ਪਾਸ ਹੋਣ ਤੇ ਉਸਦੀ ਚੋਣ ਹੋ ਗਈ ਤੇ ਹੁਣ ਉਹ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਦਾ ਹਿੱਸਾ ਹੈ।



## ਡਾ. ਰਣਜੀਤ ਸਿੰਘ ਸੱਭਰਵਾਲ ਐਨਡੋਅਡ ਫੰਡ ਫ਼ਾਰ ਸਿੱਖ ਸਟੱਡੀਜ਼

ਦ ਇੰਸਟੀਟਿਊਟ ਆਫ਼ ਸਾਊਥ ਏਸ਼ੀਅਨ ਸਟੱਡੀਜ਼ (ਯੂਨੀਵਰਸਿਟੀ ਆਫ਼ ਕੈਲੀਫੋਰਨੀਆ, ਬਰਕਲੇ) ਸਿੱਖ ਅਧਿਐਨ ਨੂੰ ਪ੍ਰਫੁੱਲਿਤ ਕਰਨ ਲਈ ਡਾ. ਰਣਜੀਤ ਸਿੰਘ ਸੱਭਰਵਾਲ ਐਨਡੋਅਡ ਫੰਡ ਫ਼ਾਰ ਸਿੱਖ ਸਟੱਡੀਜ਼ ਦੀ ਸਥਾਪਨਾ ਨੂੰ ਘੋਸ਼ਿਤ ਕਰਨ 'ਚ ਰੋਮਾਂਚਿਤ ਮਹਿਸੂਰ ਕਰ ਰਿਹਾ ਹੈ। ਇਸ ਫੰਡ ਦੀ ਸਥਾਪਨਾ ਡਾ. ਰਣਜੀਤ ਸਿੰਘ ਸੱਭਰਵਾਲ ਦੇ ਪਰਿਵਾਰ ਅਤੇ ਦੋਸਤਾਂ ਵੱਲੋਂ ਹੋਈ ਹੈ। ਇਹ ਫੰਡ ਸਮਿਸਟਰ ਆਧਾਰਿਤ ਵਿਜ਼ਟਿੰਗ ਲੈਕਚਰ ਪ੍ਰੋਗਰਾਮ ਦੀ ਸ਼ੁਰੂਆਤ ਕਰਨ 'ਚ ਸਹਾਈ ਹੋਵੇਗਾ ਅਤੇ ਸਿੱਖ ਅਧਿਐਨ ਨਾਲ ਸੰਬੰਧਿਤ ਕੋਰਸਾਂ ਅਤੇ ਹੋਏ ਖੋਜ ਕਾਰਜਾਂ ਬਾਰੇ ਵੀ ਪੇਸ਼ਕਾਰੀ ਦੇਵੇਗਾ। ਇਸ ਫੰਡ ਅਤੇ ਪ੍ਰੋਗਰਾਮ ਦਾ ਨਾਮਕਰਨ ਮਰਹੂਮ ਡਾ. ਰਣਜੀਤ ਸਿੰਘ ਸੱਭਰਵਾਲ ਦੇ ਨਾਮ ਤੇ ਕੀਤਾ ਗਿਆ ਹੈ। ਡਾ. ਸੱਭਰਵਾਲ ਨੇ ਯੂ.ਸੀ. ਬਰਕਲੇ ਤੋਂ 1962 'ਚ ਗਣਿਤ ਵਿਸ਼ੇ 'ਚ ਐਮ.ਏ. ਕਰਨ ਤੋਂ ਬਾਅਦ ਵਾਸ਼ਿੰਗਟਨ ਸਟੇਟ ਯੂਨੀਵਰਸਿਟੀ ਤੋਂ ਪੀਐਚ.ਡੀ. ਕੀਤੀ। ਉਹਨਾਂ ਕੈਲੀਫੋਰਨੀਆ ਸਟੇਟ ਯੂਨੀਵਰਸਿਟੀ (ਈਸਟ ਬੇ) 'ਚ 26 ਸਾਲ ਪੜ੍ਹਾਇਆ। ਆਪ ਇਥੋਂ ਦੇ ਸਿੱਖ ਬਹੁਲ ਖੇਤਰ ਦੀ ਅਤੀ ਸਨਮਾਨਿਤ ਸ਼ਖ਼ਸੀਅਤ ਸਨ ਅਤੇ ਆਪ ਦਾ ਫਰੀਮੌਂਟ ਗੁਰਦੁਆਰਾ ਅਤੇ ਗੁਰੂ ਗ੍ਰੰਥ ਸਾਹਿਬ ਫਾਊਂਡੇਸ਼ਨ ਸਥਾਪਿਤ ਕਰਨ 'ਚ ਵਿਸ਼ੇਸ਼ ਯੋਗਦਾਨ ਰਿਹਾ।

## ਲੋਕਧਾਰਾ ਵਿਗਿਆਨੀ ਡਾ. ਦਰਿਆ ਦਾ ਦੇਹਾਂਤ

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪੰਜਾਬੀ ਅਧਿਐਨ ਸਕੂਲ ਦੇ ਮੁਖੀ ਅਤੇ ਲੋਕਧਾਰਾ ਵਿਗਿਆਨੀ ਡਾ. ਦਰਿਆ 4 ਸਤੰਬਰ ਨੂੰ ਸਵੇਰੇ ਅਕਾਲ ਚਲਾਣਾ ਕਰ ਗਏ। ਆਪ ਪਿਛਲੇ ਕੁਝ ਸਮੇਂ ਤੋਂ ਬਿਮਾਰ ਚਲ ਰਹੇ ਸਨ। 1971 'ਚ ਜਨਮੇ ਡਾ. ਦਰਿਆ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਪੀਐਚ.ਡੀ. ਕਰਨ ਉਪਰੰਤ ਅਧਿਆਪਨ ਦੇ ਖੇਤਰ 'ਚ ਪ੍ਰਵੇਸ਼ ਕੀਤਾ। **ਸਾਂਸੀ ਕਬੀਲੇ ਦਾ ਸਭਿਆਚਾਰ** ਪੁਸਤਕ ਉਪਰ ਆਪ ਨੂੰ ਭਾਸ਼ਾ ਵਿਭਾਗ ਪੰਜਾਬ ਦਾ ਪੁਰਸਕਾਰ ਪ੍ਰਾਪਤ ਹੋਇਆ। ਲੋਕਧਾਰਾ ਆਪ ਦਾ ਪਸੰਦੀਦਾ ਵਿਸ਼ਾ ਰਿਹਾ ਤੇ ਇਸ ਖੇਤਰ 'ਚ ਆਪ ਨੇ ਦਰਜਨ ਦੇ ਕਰੀਬ ਪੁਸਤਕਾਂ ਤੇ ਅਨੇਕਾਂ ਹੀ ਖੋਜ ਪੱਤਰ ਲਿਖੇ। ✧✧